3-NOV-PAGE-1.qxd 11/2/2024 10:20 PM Page 1

ਐਤਵਾਰ, 3 ਨਵੰਬਰ, 2024
18 ਕੱਤਕ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 153

ਨਵਾਂ ਜ਼ਮਾਨਾ

DAILY NAWAN ZAMANA • SUNDAY, 3 NOVEMBER, 2024
ਜਲੰਧਰ
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਦਹਿਸ਼ਤਗਰਦਾਂ ਨੂੰ ਮਾਰਨ ਦੀ ਥਾਂ ਫੜ ਕੇ ਉਨ੍ਹਾਂ ਦੀ ਮਾਂ ਦਾ ਪਤਾ ਲਾਓ : ਫਾਰੂਕ

ਸ੍ਰੀਨਗਰ : ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਤੇ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਸ਼ਨੀਵਾਰ ਇਹ ਕਹਿ ਕੇ ਸਿਆਸੀ ਬਹਿਸ ਛੇੜ ਦਿੱਤੀ ਕਿ ਦਹਿਸ਼ਤਗਰਦਾਂ ਨੂੰ ਮਾਰਨ ਦੀ ਥਾਂ ਫੜ ਕੇ ਹਮਲਿਆਂ 'ਚ ਹਾਲ ਹੀ ਵਿੱਚ ਹੋਏ ਵਾਧੇ ਪਿਛਲੇ ਦਿਮਾਗ ਨੂੰ ਬੇਨਕਾਬ ਕੀਤਾ ਜਾਵੇ। ਦਹਿਸ਼ਤਗਰਦਾਂ ਤੋਂ ਪੁੱਛਗਿੱਛ ਕਰਕੇ ਹਮਲੇ ਕਰਾਉਣ ਵਾਲੇ ਵੱਡੇ ਨੈੱਟਵਰਕਾਂ ਬਾਰੇ ਅਹਿਮ ਸੂਹਾਂ ਮਿਲ ਸਕਦੀਆਂ ਹਨ।

ਉਨ੍ਹਾ ਬਡਗਾਮ ਵਿੱਚ ਦਹਿਸ਼ਤਗਰਦਾਂ ਵੱਲੋਂ ਕੀਤੇ ਗਏ ਹਮਲੇ ਦੀ ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਉਨ੍ਹਾ ਨੂੰ ਸ਼ੱਕ ਹੈ ਕਿ ਇਹ ਉਨ੍ਹਾਂ ਲੋਕਾਂ ਨੇ ਕਰਵਾਇਆ, ਜਿਹੜੇ ਜੰਮੂ-ਕਸ਼ਮੀਰ ਦੀ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾ ਕਿਹਾ—ਇਸ ਹਮਲੇ ਦੀ ਜਾਂਚ ਹੋਣੀ ਚਾਹੀਦੀ ਹੈ। ਇਹ ਕਿੱਦਾਂ ਹੋ ਰਿਹਾ ਹੈ ਕਿ ਜਦੋਂ ਦੀ ਨਵੀਂ ਸਰਕਾਰ ਬਣੀ ਹੈ, ਹਮਲੇ ਹੋ ਰਹੇ ਹਨ? ਮੈਨੂੰ ਸ਼ੱਕ ਹੈ ਕਿ ਸਰਕਾਰ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਨੇ ਬਡਗਾਮ ਦਾ ਹਮਲਾ ਕੀਤਾ। ਜੇ ਦਹਿਸ਼ਤਗਰਦ ਫੜੇ ਜਾਂਦੇ ਹਨ ਤਾਂ ਪਤਾ ਲੱਗ ਜਾਵੇਗਾ ਕਿ ਹਮਲਿਆਂ ਪਿੱਛੇ ਕੌਣ ਹੈ। ਉਨ੍ਹਾਂ ਨੂੰ ਮਾਰਨਾ ਨਹੀਂ ਚਾਹੀਦਾ, ਫੜ ਕੇ ਪੁੱਛਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਪਿੱਛੇ ਕੌਣ ਹੈ। ਸਾਨੂੰ ਪਤਾ ਕਰਨਾ ਪੈਣਾ ਹੈ ਕਿ ਕੋਈ ਏਜੰਸੀ ਉਮਰ ਅਬਦੁੱਲਾ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਤਾਂ ਨਹੀਂ ਕਰ ਰਹੀ। ਖਬਰ ਏਜੰਸੀ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਕੀ ਹਾਲੀਆ ਬਡਗਾਮ ਹਮਲੇ ਤੇ ਹੋਰਨਾਂ ਹਮਲਿਆਂ ਲਈ ਪਾਕਿਸਤਾਨ 'ਤੇ ਹੀ ਦੋਸ਼ ਮੜ੍ਹਨਾ ਚਾਹੀਦਾ ਹੈ, ਫਾਰੂਕ ਅਬਦੁੱਲਾ ਨੇ ਕਿਹਾ—ਸਵਾਲ ਇਹ ਨਹੀਂ। ਮੈਂ ਕਹਿਣਾ ਚਾਹਾਂਗਾ ਕਿ ਜਾਂਚ ਹੋਣੀ ਚਾਹੀਦੀ ਹੈ। ਜੰਮੂ-ਕਸ਼ਮੀਰ ਭਾਜਪਾ ਦੇ ਪ੍ਰਧਾਨ ਰਵਿੰਦਰ ਰੈਣਾ ਨੇ ਫਾਰੂਕ ਅਬਦੁੱਲਾ ਦੇ ਬਿਆਨ 'ਤੇ ਕਿੰਤੂ ਕਰਦਿਆਂ ਕਿਹਾ—ਫਾਰੂਕ ਅਬਦੁੱਲਾ ਜਾਣਦੇ ਹਨ ਕਿ ਦਹਿਸ਼ਤਗਰਦੀ ਪਾਕਿਸਤਾਨ ਵੱਲੋਂ ਆ ਰਹੀ ਹੈ। ਇਹ ਸਭ ਜਾਣਦੇ ਹਨ। ਇਸ ਵਿਚ ਜਾਂਚ ਕਰਨ ਵਾਲੀ ਕਿਹੜੀ ਗੱਲ ਹੈ? ਫਾਰੂਕ ਅਬਦੁੱਲਾ ਜਾਣਦੇ ਹਨ ਕਿ ਜੰਮੂ-ਕਸ਼ਮੀਰ ਵਿਚ ਹੋ ਰਹੇ ਹਮਲਿਆਂ ਪਿੱਛੇ ਪਾਕਿਸਤਾਨ ਤੇ ਦਹਿਸ਼ਤਗਰਦ ਜਥੇਬੰਦੀਆਂ ਦਾ ਹੱਥ ਹੈ। ਸਾਨੂੰ ਸਭ ਨੂੰ ਆਪਣੀ ਫੌਜ, ਪੁਲਸ ਤੇ ਸੁਰੱਖਿਆ ਬਲਾਂ ਦੀ ਹਮਾਇਤ ਕਰਨੀ ਚਾਹੀਦੀ ਹੈ। ਸਾਨੂੰ ਮਨੁੱਖਤਾ ਦੇ ਦੁਸ਼ਮਣਾਂ ਵਿਰੁੱਧ ਇਕੱਠੇ ਹੋ ਕੇ ਲੜਨਾ ਪੈਣਾ ਹੈ।

ਨੈਸ਼ਨਲ ਕਾਨਫਰੰਸ ਦੇ ਸਾਂਸਦ ਆਗਾ ਸਈਦ ਰੁਹੁਲ੍ਹਾ ਮਹਿਦੀ ਨੇ ਹੈਰਾਨੀ ਪ੍ਰਗਟਾਉਂਦਿਆਂ ਕਿਹਾ ਹੈ ਕਿ ਹਾਲੀਆ ਚੋਣਾਂ ਤੋਂ ਬਾਅਦ ਹਮਲਿਆਂ ਵਿੱਚ ਇਕਦਮ ਤੇਜ਼ੀ ਆ ਗਈ ਹੈ।

ਕੇਂਦਰ ਫਾਰੂਕ ਦੇ ਬਿਆਨ ਨੂੰ ਸੰਜੀਦਗੀ ਨਾਲ ਲਵੇ : ਸ਼ਰਦ ਪਵਾਰ

ਫਾਰੂਕ ਅਬਦੁੱਲਾ ਦੇ ਬਿਆਨ 'ਤੇ ਟਿੱਪਣੀ ਕਰਦਿਆਂ ਸਾਬਕਾ ਰੱਖਿਆ ਮੰਤਰੀ ਅਤੇ ਐੱਨ ਸੀ ਪੀ-ਐੱਸ ਸੀ ਪੀ ਦੇ ਪ੍ਰਧਾਨ ਸ਼ਰਦ ਪਵਾਰ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੂੰ ਫਾਰੂਕ ਅਬਦੁੱਲਾ ਦੇ ਬਿਆਨ ਨੂੰ ਸੰਜੀਦਗੀ ਨਾਲ ਲੈਣਾ ਚਾਹੀਦਾ ਹੈ। ਫਾਰੂਕ ਅਬਦੁੱਲਾ ਜੰਮੂ-ਕਸ਼ਮੀਰ ਦੀ ਕੱਦਾਵਰ ਸ਼ਖਸੀਅਤ ਹਨ। ਉਨ੍ਹਾ ਸਾਰੀ ਜ਼ਿੰਦਗੀ ਜੰਮੂ-ਕਸ਼ਮੀਰ ਦੇ ਲੋਕਾਂ ਦੀ ਸੇਵਾ ਕਰਦਿਆਂ ਲੰਘਾ ਦਿੱਤੀ ਹੈ। ਮੈਨੂੰ ਉਨ੍ਹਾ ਦੀ ਦਿਆਨਤਦਾਰੀ ਤੇ ਇਮਾਨਦਾਰੀ 'ਤੇ ਕੋਈ ਸ਼ੱਕ ਨਹੀਂ। ਜੇ ਉਨ੍ਹਾ ਵਰਗਾ ਆਗੂ ਕੋਈ ਬਿਆਨ ਦਿੰਦਾ ਹੈ ਤਾਂ ਕੇਂਦਰ ਸਰਕਾਰ, ਖਾਸਕਰ ਗ੍ਰਹਿ ਮੰਤਰਾਲੇ ਨੂੰ ਇਸ ਨੂੰ ਸੰਜੀਦਗੀ ਨਾਲ ਲੈਣਾ ਚਾਹੀਦਾ ਹੈ ਅਤੇ ਦੇਖਣਾ ਚਾਹੀਦਾ ਹੈ ਕਿ ਸਥਿਤੀ ਕਿਵੇਂ ਠੀਕ ਹੋ ਸਕਦੀ ਹੈ।

ਤੁਮ ਕਾ ਜਾਨੋ ਅੰਦਰ ਕੀ ਬਾਤ

ਪਟਨਾ : ਚੋਣ ਰਣਨੀਤੀਕਾਰ ਵਜੋਂ ਮਸ਼ਹੂਰ ਤੇ ਹੁਣ ਜਨ ਸੁਰਾਜ ਦੇ ਕਨਵੀਨਰ ਪ੍ਰਸ਼ਾਂਤ ਕਿਸ਼ੋਰ ਨੇ ਇੰਕਸ਼ਾਫ ਕੀਤਾ ਹੈ ਕਿ ਉਹ ਸਿਆਸੀ ਪਾਰਟੀਆਂ ਤੇ ਆਗੂਆਂ ਨੂੰ ਰਣਨੀਤਕ ਸਲਾਹ ਦੇਣ ਲਈ 100 ਕਰੋੜ ਰੁਪਏ ਲੈਂਦਾ ਸੀ। ਜ਼ਿਮਨੀ ਚੋਣਾਂ 'ਚ ਪਾਰਟੀ ਉਮੀਦਵਾਰ ਦੇ ਹੱਕ ਵਿਚ ਪ੍ਰਚਾਰ ਦੌਰਾਨ ਬੇਲਾਗੰਜ 'ਚ ਕਿਸ਼ੋਰ ਨੇ ਉਨ੍ਹਾ ਦੀ ਪਾਰਟੀ ਦੀ ਚੋਣ ਮੁਹਿੰਮ 'ਤੇ ਹੋ ਰਹੇ ਖਰਚ 'ਤੇ ਉਠਾਏ ਜਾ ਰਹੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ—ਵੱਖ-ਵੱਖ ਰਾਜਾਂ ਵਿਚ ਮੇਰੀ ਸਲਾਹ ਨਾਲ ਬਣੀਆਂ 10 ਸਰਕਾਰਾਂ ਚੱਲ ਰਹੀਆਂ ਹਨ। ਕੀ ਤੁਸੀਂ ਸਮਝਦੇ ਹੋ ਕਿ ਮੇਰੇ ਕੋਲ ਟੈਂਟ ਤੇ ਸ਼ਾਮਿਆਨੇ ਲਾਉਣ ਲਈ ਪੈਸੇ ਨਹੀਂ ਹੋਣਗੇ? ਕੀ ਤੁਸੀਂ ਮੈਨੂੰ ਏਨਾ ਕਮਜ਼ੋਰ ਸਮਝਦੇ ਹੋ? ਬਿਹਾਰ ਵਿੱਚ ਕਿਸੇ ਨੇ ਮੇਰੇ ਜਿੰਨੀ ਫੀਸ ਨਹੀਂ ਲਈ ਹੋਵੇਗੀ। ਜੇ ਮੈਂ ਕਿਸੇ ਨੂੰ ਇਕ ਚੋਣ ਲਈ ਸਲਾਹ ਦੇਵਾਂ ਤਾਂ 100 ਕਰੋੜ ਜਾਂ ਵੱਧ ਫੀਸ ਲੈ ਸਕਦਾ ਹਾਂ। ਅਜਿਹੀ ਇਕ ਸਲਾਹ ਨਾਲ ਹੀ ਮੈਂ ਅਗਲੇ ਦੋ ਸਾਲ ਚੋਣ ਮੁਹਿੰਮ ਚਲਾ ਸਕਦਾ ਹਾਂ। ਕਿਸ਼ੋਰ ਸਭ ਤੋਂ ਪਹਿਲਾਂ 2014 ਦੀਆਂ ਲੋਕ ਸਭਾ ਚੋਣਾਂ 'ਚ ਨਰਿੰਦਰ ਮੋਦੀ ਨੂੰ ਸਲਾਹ ਦੇ ਕੇ ਮਸ਼ਹੂਰ ਹੋਇਆ ਸੀ। ਉਸ ਤੋਂ ਬਾਅਦ 2015 ਦੀ ਅਸੰਬਲੀ ਚੋਣ 'ਚ ਨਿਤਿਸ਼ ਕੁਮਾਰ ਤੇ ਲਾਲੂ ਪ੍ਰਸਾਦ ਨੂੰ ਸਲਾਹ ਦੇ ਕੇ ਉਨ੍ਹਾਂ ਦੀ ਸਰਕਾਰ ਬਣਵਾਈ। 2017 ਵਿਚ ਯੂ ਪੀ 'ਚ ਕਾਂਗਰਸ ਨੂੰ ਦਿੱਤੀ ਸਲਾਹ ਸਫਲ ਨਹੀਂ ਰਹੀ ਸੀ, ਪਰ ਪੰਜਾਬ 'ਚ ਕਾਂਗਰਸ ਦਾ ਭਲਾ ਕਰ ਦਿੱਤਾ ਸੀ। 2019 ਵਿੱਚ ਆਂਧਰਾ ਅਸੰਬਲੀ ਚੋਣ 'ਚ ਵਾਈ ਐੱਸ ਆਰ ਕਾਂਗਰਸ ਪਾਰਟੀ ਨੂੰ ਤਕੜੀ ਜਿੱਤ ਦਿਵਾਈ। 2021 ਵਿੱਚ ਪੱਛਮੀ ਬੰਗਾਲ 'ਚ ਮਮਤਾ ਬੈਨਰਜੀ ਨੂੰ ਮੁੜ ਜਿਤਾਇਆ। 2020 ਦੀ ਦਿੱਲੀ ਅਸੰਬਲੀ ਚੋਣ 'ਚ ਆਪ ਦੀ ਜਿੱਤ 'ਚ ਯੋਗਦਾਨ ਦਿੱਤਾ। ਹੁਣ ਉਹ ਬਿਹਾਰ 'ਚ ਆਪਣੀ ਪਾਰਟੀ ਬਣਾ ਕੇ ਜ਼ੋਰ ਲਾ ਰਿਹਾ ਹੈ। ਉਸ ਨੇ ਚਾਰ ਅਸੰਬਲੀ ਹਲਕਿਆਂ 'ਚ ਉਮੀਦਵਾਰ ਖੜ੍ਹੇ ਕੀਤੇ ਹਨ।

ਪੁਰਾਣੇ ਸ੍ਰੀਨਗਰ 'ਚ 10 ਸਾਲ ਬਾਅਦ ਮੁਕਾਬਲਾ, ਦਹਿਸ਼ਤਗਰਦ ਹਲਾਕ, 4 ਜਵਾਨ ਜ਼ਖਮੀ

ਅਨੰਤਨਾਗ ਦੇ ਜੰਗਲਾਂ 'ਚ ਵੀ ਦੋ ਦਹਿਸ਼ਤਗਰਦ ਮਾਰੇ ਗਏ

ਸ੍ਰੀਨਗਰ ਦੇ ਖਾਨਯਾਰ ਇਲਾਕੇ 'ਚ ਸਰਚ ਅਪ੍ਰੇਸ਼ਨ ਦੌਰਾਨ ਖੜ੍ਹੀਆਂ ਫੌਜੀ ਗੱਡੀਆਂ ਕੋਲੋਂ ਲੰਘਦੀ ਬੀਬੀ।

ਸ੍ਰੀਨਗਰ : ਕਸ਼ਮੀਰ 'ਚ ਪਿਛਲੇ 36 ਘੰਟਿਆਂ 'ਚ ਸ੍ਰੀਨਗਰ, ਬਾਂਦੀਪੋਰਾ ਤੇ ਅਨੰਤਨਾਗ 'ਚ ਤਿੰਨ ਮੁਕਾਬਲਿਆਂ 'ਚ ਤਿੰਨ ਦਹਿਸ਼ਤਗਰਦ ਮਾਰੇ ਗਏ ਤੇ 4 ਜਵਾਨ ਜ਼ਖਮੀ ਹੋ ਗਏ। ਸ੍ਰੀਨਗਰ ਦੇ ਪੁਰਾਣੇ ਇਲਾਕੇ ਖਾਨਯਾਰ 'ਚ ਇੱਕ ਘਰ 'ਚ ਦੋ-ਤਿੰਨ ਦਹਿਸ਼ਤਗਰਦਾਂ ਦੇ ਲੁਕੇ ਹੋਣ ਦਾ ਪਤਾ ਲੱਗਣ 'ਤੇ ਹੋਏ ਮੁਕਾਬਲੇ ਦੌਰਾਨ ਫੌਜ ਨੇ ਘਰ ਨੂੰ ਬੰਬ ਨਾਲ ਉਡਾ ਦਿੱਤਾ। ਇਸ ਦੌਰਾਨ ਇੱਕ ਦਹਿਸ਼ਤਗਰਦ ਮਾਰਿਆ ਗਿਆ। ਗੋਲੀਬਾਰੀ 'ਚ ਸੀ ਆਰ ਪੀ ਐੱਫ ਦੇ ਦੋ ਤੇ ਪੁਲਸ ਦੇ ਦੋ ਜਵਾਨ ਜ਼ਖਮੀ ਹੋ ਗਏ।

ਬੀਤੇ 10 ਸਾਲਾਂ ਤੋਂ ਵੱਧ ਸਮੇਂ 'ਚ ਇਹ ਪਹਿਲੀ ਵਾਰ ਹੈ, ਜਦੋਂ ਪੁਰਾਣੇ ਸ੍ਰੀਨਗਰ ਸ਼ਹਿਰ ਦੇ ਖਾਨਯਾਰ 'ਚ ਮੁਕਾਬਲਾ ਹੋਇਆ ਹੈ। ਇਹ ਇਲਾਕਾ ਕਿਸੇ ਸਮੇਂ ਵੱਖਵਾਦੀ ਭਾਵਨਾਵਾਂ ਦਾ ਗੜ੍ਹ ਰਿਹਾ ਹੈ ਅਤੇ ਇਸ ਇਲਾਕੇ 'ਚ ਦਹਿਸ਼ਤਗਰਦ ਖੁੱਲ੍ਹੇਆਮ ਘੁੰਮਦੇ ਰਹਿੰਦੇ ਸਨ। ਸਮੇਂ ਦੇ ਬੀਤਣ ਨਾਲ ਸੁਰੱਖਿਆ ਬਲਾਂ ਨੇ ਇਨ੍ਹਾਂ ਇਲਾਕਿਆਂ 'ਚੋਂ ਦਹਿਸ਼ਤਗਰਦੀ ਦਾ ਖਾਤਮਾ ਕਰ ਦਿੱਤਾ ਸੀ। ਮੰਨਿਆ ਜਾਂਦਾ ਸੀ ਕਿ ਸ੍ਰੀਨਗਰ ਸ਼ਹਿਰ ਨੂੰ ਆਮ ਕਰ ਕੇ ਅਤੇ ਡਾਊਨ ਟਾਊਨ ਇਲਾਕੇ ਨੂੰ ਖਾਸ ਕਰ ਕੇ ਦਹਿਸ਼ਤਗਰਦੀ ਤੋਂ ਆਜ਼ਾਦ ਕਰਵਾ ਲਿਆ ਗਿਆ ਹੈ। ਖਾਨਯਾਰ ਦੇ ਮੁਕਾਬਲੇ ਨਾਲ ਇਹ ਵਿਸ਼ਵਾਸ ਟੁੱਟ ਗਿਆ ਜਾਪਦਾ ਹੈ। ਉਧਰ, ਅਨੰਤਨਾਗ ਜ਼ਿਲ੍ਹੇ 'ਚ ਸਾਂਗਸ ਦੇ ਲਾਰਨੂ ਜੰਗਲੀ ਇਲਾਕੇ 'ਚ ਸ਼ਨੀਵਾਰ ਮੁਕਾਬਲੇ 'ਚ ਦੋ ਦਹਿਸ਼ਤਗਰਦ ਮਾਰੇ ਗਏ। ਇਲਾਕੇ 'ਚ ਤਿੰਨ ਦਹਿਸ਼ਤਗਰਦਾਂ ਦੇ ਹੋਣ ਦੀ ਸੂਚਨਾ ਮਿਲੀ ਸੀ। ਇਕ ਦਹਿਸ਼ਤਗਰਦ ਰੁਕ-ਰੁਕ ਕੇ ਫਾਇਰਿੰਗ ਕਰ ਰਿਹਾ ਸੀ। ਬਾਂਦੀਪੋਰਾ 'ਚ ਮੁਕਾਬਲਾ ਜਾਰੀ ਸੀ। ਸ਼ੁੱਕਰਵਾਰ ਦਹਿਸ਼ਤਗਰਦਾਂ ਨੇ ਬਡਗਾਮ ਜ਼ਿਲ੍ਹੇ ਦੇ ਮਾਗਾਮ ਖੇਤਰ ਦੇ ਮਜਮਾ ਪਿੰਡ 'ਚ ਯੂ ਪੀ ਦੇ ਦੋ ਮਜ਼ਦੂਰਾਂ ਸੰਜੇ ਅਤੇ ਉਸਮਾਨ ਨੂੰ ਗੋਲੀਆਂ ਮਾਰ ਕੇ ਜ਼ਖਮੀ ਕਰ ਦਿੱਤਾ ਸੀ। ਦੋਵਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਹੈ।

ਸਰਕਾਰ ਝੋਨੇ ਦੀ ਲਿਫਟਿੰਗ ਕਰਨ 'ਚ ਬੁਰੀ ਤਰ੍ਹਾਂ ਫੇਲ੍ਹ : ਅਰਸ਼ੀ

ਮਾਨਸਾ (ਆਤਮਾ ਸਿੰਘ ਪਮਾਰ) ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸੀ ਪੀ ਆਈ ਜ਼ਿਲ੍ਹਾ ਕੌਂਸਲ ਮਾਨਸਾ ਦੀ ਜਨਰਲ ਬਾਡੀ ਮੀਟਿੰਗ ਵੇਦ ਪ੍ਰਕਾਸ਼ ਬੁਢਲਾਡਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਸੀ ਪੀ ਆਈ ਦੀ ਆਗਾਮੀ 100ਵੀਂ ਵਰ੍ਹੇਗੰਢ ਮਨਾਉਣ ਸੰਬੰਧੀ ਵਿਚਾਰ-ਚਰਚਾ ਕੀਤੀ ਗਈ ਤੇ ਫੈਸਲਾ ਕੀਤਾ ਗਿਆ ਕਿ ਪਾਰਟੀ ਦੀ 100 ਵੀਂ ਵਰ੍ਹੇਗੰਢ 30 ਦਸੰਬਰ ਨੂੰ ਮਾਨਸਾ ਦੀ ਪੁਰਾਣੀ ਅਨਾਜ ਮੰਡੀ ਵਿਖੇ ਪ੍ਰਭਾਵਸ਼ਾਲੀ ਰੈਲੀ ਕਰਕੇ ਮਨਾਈ ਜਾਵੇਗੀ।

ਮੀਟਿੰਗ ਨੂੰ ਸੰਬੋਧਨ ਕਰਦਿਆ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਇਹ ਕਮਿਊਨਿਸਟਾ ਲਈ ਮਾਣ ਵਾਲੀ ਗੱਲ ਹੈ ਕਿ ਪਾਰਟੀ ਦੀ ਉਮਰ 100 ਸਾਲ ਹੋ ਚੁੱਕੀ ਹੈ ਤੇ ਆਪਣੇ 100 ਸਾਲ ਦੇ ਸ਼ਾਨਾਮੱਤੇ ● ਬਾਕੀ ਸਫ਼ਾ 2 'ਤੇ

ਇਕੱਠੀਆਂ ਤਿੰਨ ਛੁੱਟੀਆਂ

ਜਲੰਧਰ : ਪੰਜਾਬ 'ਚ 15, 16 ਤੇ 17 ਨਵੰਬਰ ਨੂੰ ਛੁੱਟੀਆਂ ਰਹਿਣਗੀਆਂ। ਤਿੰਨੋਂ ਦਿਨ ਸਾਰੇ ਸਕੂਲ-ਕਾਲਜ ਤੇ ਸਰਕਾਰੀ ਦਫਤਰ ਬੰਦ ਰਹਿਣਗੇ। 15 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ, 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਵਸ ਤੇ 17 ਨਵੰਬਰ ਨੂੰ ਐਤਵਾਰ ਹੈ।

ਸੰਘਰਸ਼ਸ਼ੀਲ ਕਿਸਾਨ ਸ਼ਹੀਦ

ਸ਼ੰਭੂ ਬਾਰਡਰ (ਪਟਿਆਲਾ) : ਸ਼ੰਭੂ ਬਾਰਡਰ 'ਤੇ ਕਿਸਾਨ ਮੋਰਚੇ 'ਚ ਹਿੱਸਾ ਲੈ ਰਹੇ 70 ਸਾਲਾ ਕਿਸਾਨ ਬਲਵਿੰਦਰ ਸਿੰਘ ਦੀ ਸ਼ਨਿੱਚਰਵਾਰ ਤੜਕੇ ਮੌਤ ਹੋ ਗਈ ਹੈ। ਉਹ ਸੰਧੂ ਪੱਤੀ ਮੋਗਾ ਦਾ ਰਹਿਣ ਵਾਲਾ ਸੀ। ਹਾਈ ਬਲੱਡ ਪ੍ਰੈਸ਼ਰ ਕਾਰਨ ਉਸ ਨੂੰ 31 ਅਕਤੂਬਰ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਦਾਖਲ ਕਰਵਾਇਆ ਗਿਆ ਸੀ। ਪਹਿਲੀ ਨਵੰਬਰ ਨੂੰ ਪੀ ਜੀ ਆਈ ਰੈਫਰ ਕਰਨਾ ਪਿਆ, ਜਿੱਥੇ ਉਸ ਦੀ ਮੌਤ ਹੋ ਗਈ।

ਸ਼ਾਹ ਨੂੰ ਲਪੇਟਣ 'ਤੇ ਭਾਰਤ ਵੱਲੋਂ ਕੈਨੇਡਾ ਕੋਲ ਕਰੜਾ ਪ੍ਰੋਟੈੱਸਟ

ਨਵੀਂ ਦਿੱਲੀ : ਭਾਰਤ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਦੋਸ਼ ਲਾਉਣ 'ਤੇ ਕੈਨੇਡਾ ਕੋਲ ਸਖਤ ਪ੍ਰੋਟੈੱਸਟ ਕਰਦਿਆਂ ਦੋਸ਼ਾਂ ਨੂੰ ਬੇਤੁਕੇ ਤੇ ਬੇਬੁਨਿਆਦ ਕਰਾਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਨੇ ਕੈਨੇਡੀਅਨ ਹਾਈ ਕਮਿਸ਼ਨ ਦੇ ਨੁਮਾਇੰਦੇ ਨੂੰ ਸ਼ੁੱਕਰਵਾਰ ਸੱਦ ਕੇ ਉਸ ਨੂੰ ਸਖਤ ਡਿਪਲੋਮੈਟਿਕ ਨੋਟ ਸੌਂਪਿਆ। ਕੈਨੇਡਾ ਦੇ ਉਪ ਮੰਤਰੀ ਡੈਵਿਡ ਮੋਰੀਸਨ ਨੇ 29 ਅਕਤੂਬਰ ਨੂੰ ਓਟਵਾ ਵਿੱਚ ਜਨਤਕ ਸਲਾਮਤੀ ਤੇ ਕੌਮੀ ਸੁਰੱਖਿਆ ਬਾਰੇ ਸਟੈਂਡਿੰਗ ਕਮੇਟੀ ਅੱਗੇ ਪੇਸ਼ ਹੋਣ ਵੇਲੇ ਸ਼ਾਹ ਬਾਰੇ ● ਬਾਕੀ ਸਫ਼ਾ 2 'ਤੇ

ਗਦਰੀ ਬਾਬਿਆਂ ਦੇ ਮੇਲੇ ਲਈ ਆਰਥਕ ਮਦਦ 'ਚ ਆਈ ਤੇਜ਼ੀ

ਜਲੰਧਰ : ਗਦਰੀ ਬਾਬਿਆਂ ਦਾ 33ਵਾਂ ਮੇਲਾ ਇਸ ਵਾਰ 7-8-9 ਨਵੰਬਰ 2024 ਨੂੰ ਲੱਗ ਰਿਹਾ ਹੈ। ਇਸ ਮੇਲੇ ਦੀ ਕਾਮਯਾਬੀ ਲਈ ਇਸ ਸੰਸਥਾ ਨਾਲ ਜੁੜੇ ਸਨੇਹੀ ਲਗਾਤਾਰ ਆਰਥਿਕ ਸਹਾਇਤਾ ਦੇਣ ਆ ਰਹੇ ਹਨ। ਸ਼ੁੱਕਰਵਾਰ ਬਿਜਲੀ ਬੋਰਡ ਦੀ ਜਥੇਬੰਦੀ ਟੀ ਐੱਸ ਯੂ ਦੇ ਸਿਰਮੌਰ ਆਗੂ ਐੱਚ ਐੱਸ ਮਿਨਹਾਸ ਦੀ ਮੌਤ ਤੋਂ ਬਾਅਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਸ਼ਰਧਾਂਜਲੀ ਸਮਾਗਮ ਹੋਇਆ। ਇਸ ਸਮਾਗਮ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਆਪਣੇ ਮਹਿਬੂਬ ਆਗੂ ਨੂੰ ਕਮੇਟੀ ਵੱਲੋਂ ਸ਼ਰਧਾਂਜਲੀ ਅਰਪਿਤ ਕੀਤੀ ਅਤੇ ਇਸ ਮੌਕੇ ਮਿਨਹਾਸ ਦੇ ਪਰਵਾਰ ਨੇ ਮੇਲੇ 'ਤੇ ਲੱਗਦੇ ਲੰਗਰ ਵਿੱਚ ਵੱਡਾ ਹਿੱਸਾ ਪਾਇਆ। ਇਨ੍ਹਾਂ ਦੇ ਨਾਲ ਹੀ ਸਰਦਾਰ ਗੁਰਬਖਸ

3-NOV-PAGE-1.qxd 11/2/2024 10:21 PM Page 2

ਸ਼ਿਵਾਲਿਕ ਕਿਡਜ਼ ਸਕੂਲ 'ਚ ਦੀਵਾਲੀ ਦਾ ਤਿਉਹਾਰ ਮਨਾਇਆ

ਜੈਤੋ (ਸਤੀਸ਼ ਕੁਮਾਰ ਭੀਰੀ)-ਸ਼ਿਵਾਲਿਕ ਕਿਡਜ਼ ਸਕੂਲ ਵਿਖੇ ਦੀਵਾਲੀ ਸਬੰਧੀ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਨਰਸਰੀ ਤੇ ਐੱਲ.ਕੇ.ਜੀ. ਦੇ ਵਿਦਿਆਰਥੀਆਂ ਵੱਲੋਂ ਸ਼ੀਟਾਂ 'ਤੇ ਦੀਆ ਪੇਂਟ, ਯੂ.ਕੇ.ਜੀ. ਜਮਾਤ ਦੇ ਵਿਦਿਆਰਥੀਆਂ ਵੱਲੋਂ ਰੰਗੋਲੀ ਪੇਂਟ, ਪਹਿਲੀ ਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਧਾਗੇ ਤੇ ਲਾਲ ਰੰਗ ਨਾਲ ਸਵਾਸਤਿਕ, ਤੀਜੀ, ਚੌਥੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਦੀਆ ਸਜਾਵਟ, 7ਵੀਂ ਜਮਾਤ ਵੱਲੋਂ ਵੱਖ-ਵੱਖ ਸਜਾਵਟੀ ਵਸਤੂਆਂ ਨਾਲ ਸ਼ੁਭ ਲਾਭ ਦੇਣ ਲਈ ਤਿਆਰ ਕੀਤਾ ਗਿਆ, 5ਵੀਂ ਤੇ 6ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਕੰਧ 'ਤੇ ਚੀਜ਼ਾਂ ਲਟਕਾਉਣ ਤੇ ਵੱਖ-ਵੱਖ ਤਰੀਕਿਆਂ ਨਾਲ ਚੀਜ਼ਾਂ ਨੂੰ ਸਜਾਉਣ ਲਈ ਬਣਾਇਆ ਗਿਆ, 7ਵੀਂ ਤੇ 8ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਜਾਵਟ ਨਾਲ ਸਬੰਧਤ ਗਤੀਵਿਧੀਆਂ ਕਰਵਾਈਆਂ ਗਈਆਂ। ਸਕੂਲ ਦੀ ਮੁੱਖ ਅਧਿਆਪਕਾ ਮੈਡਮ ਸੁਖਵਿੰਦਰ ਕੌਰ ਨੇ ਇਨ੍ਹਾਂ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਦੀ ਪ੍ਰਸੰਸਾ ਕੀਤੀ ਤੇ ਉਨ੍ਹਾਂ ਨੂੰ ਸਕੂਲ ਵਿੱਚ ਹੋਣ ਵਾਲੀਆਂ ਅਜਿਹੀਆਂ ਸਾਰੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਸਕੂਲ ਦੀ ਪ੍ਰਬੰਧਕ ਕਮੇਟੀ ਤੇ ਸਕੂਲ ਦੇ ਮੁੱਖ ਅਧਿਆਪਕ ਨੇ ਸਕੂਲ ਦੇ ਸਮੂਹ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਦੀਵਾਲੀ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

ਬਾਬਾ ਫਰੀਦ ਪਬਲਿਕ ਸਕੂਲ ਦੇ ਵਿਦਿਆਰਥੀ ਕਲਾ-ਉਤਸਵ ਮੁਕਾਬਲੇ 'ਚ ਛਾਏ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਬੀਤੇ ਦਿਨੀਂ ਬਾਬਾ ਫਰੀਦ ਪਬਲਿਕ ਸਕੂਲ ਫਰੀਦਕੋਟ ਦੀਆਂ ਵਿਦਿਆਰਥਣਾਂ ਨੇ ਕਲਾ-ਉਤਸਵ ਰਾਜ ਪੱਧਰੀ ਭੰਗੜੇ ਮੁਕਾਬਲੇ ਵਿੱਚ ਹਿੱਸਾ ਲਿਆ।ਸਕੂਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਮੋਹਾਲੀ ਵਿਖੇ ਹੋਏ ਭੰਗੜੇ ਦੇ ਰਾਜ ਪੱਧਰੀ ਮੁਕਾਬਲੇ ਵਿੱਚ ਇਨ੍ਹਾਂ ਵਿਦਿਆਰਥਣਾਂ ਨੇ ਦੂਜਾ ਦਰਜਾ ਹਾਸਲ ਕਰਕੇ ਸਕੂਲ ਤੇ ਮਾਪਿਆਂ ਦਾ ਮਾਣ ਵਧਾਇਆ ਹੈ, ਨਾਲ ਹੀ ਉਨ੍ਹਾਂ ਨੇ ਵਿਦਿਆਰਥਣਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਵਿਦਿਆਰਥਣਾਂ ਇਨ੍ਹਾਂ ਮੁਕਾਬਲਿਆਂ ਦੇ ਨਾਲ-ਨਾਲ ਹਮੇਸ਼ਾ ਪੜ੍ਹਾਈ ਵਿੱਚ ਵੀ ਮੋਹਰੀ ਰਹਿੰਦੀਆਂ ਹਨ।ਸਕੂਲ ਦੇ ਚੇਅਰਮੈਨ ਸ੍ਰ. ਸਿਮਰਜੀਤ ਸਿੰਘ ਸੇਖੋਂ ਨੇ ਇਨ੍ਹਾਂ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ, ਸਕੂਲ ਦੇ ਅਧਿਕਾਰੀਆਂ ਤੇ ਤਿਆਰੀ ਕਰਵਾਉਣ ਵਾਲੇ ਅਧਿਆਪਕ ਮਿਸਟਰ ਸੰਜੇ ਨੂੰ ਵੀ ਵਧਾਈ ਦਿੱਤੀ ਤੇ ਕਿਹਾ ਕਿ ਸਕੂਲ ਵੱਲੋਂ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ 'ਤੇ ਪੂਰਾ ਧਿਆਨ ਦਿੱਤਾ ਜਾਂਦਾ ਹੈ ਤਾਂ ਜੋ ਇਹ ਵਿਦਿਆਰਥੀ ਜ਼ਿੰਦਗੀ ਦੀਆਂ ਸਫ਼ਲਤਾਵਾਂ ਦਾ ਨਿੱਘ ਮਾਨਣ।

ਵਾਹ ਨੀਂ ਸਰਕਾਰੇ, ਕਿਸਾਨਾਂ ਨਾਲ ਆੜ੍ਹਤੀਏ ਵੀ ਮਾਰੇ : ਹਨੀ ਫੱਤਣਵਾਲਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-'ਵਾਹ ਨੀਂ ਸਰਕਾਰੇ, ਕਿਸਾਨਾਂ ਦੇ ਨਾਲ ਹੀ ਆੜ੍ਹਤੀਏ ਵਿਚਾਰੇ ਵੀ ਮਾਰੇ।' ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਪਿੰਡ ਸੱਕਾਂਵਾਲੀ ਦੇ ਫੋਕਲ ਪੁਆਇੰਟ ਤੋਂ ਪਿੰਡ ਸੰਗਰਾਣਾ, ਬੁੱਢੀਮਾਲ ਤੇ ਸੱਕਾਂਵਾਲੀ ਦੇ ਕਿਸਾਨਾਂ ਨੂੰ ਸੰਬੋਧਨ ਕਰਨ ਸਮੇਂ ਕੀਤਾ।ਹਨੀ ਫੱਤਣਵਾਲਾ ਨੇ ਕਿਹਾ ਕਿ ਇਸ ਵਾਰ 30 ਪ੍ਰਤੀਸ਼ਤ ਝੋਨੇ ਦੀ ਬਿਜਾਈ ਹੈ, ਬਾਕੀ ਸਭ ਬਾਸਮਤੀ ਤੇ ਮੁੱਸ਼ਾਲ ਝੋਨੇ ਦੀ ਕਿਸਾਨਾਂ ਨੇ ਕਾਸ਼ਤ ਕੀਤੀ ਹੈ।ਫਿਰ ਵੀ ਸਰਕਾਰ ਵੱਲੋਂ ਖਰੀਦ ਦਾ ਬੁਰਾ ਹਾਲ ਹੈ।ਇਸ ਮੌਕੇ ਕਿਸਾਨ ਬੇਅੰਤ ਸਿੰਘ ਸੱਕਾਂਵਾਲੀ ਨੇ ਦੱਸਿਆ ਕਿ ਉਸ ਨੂੰ 14 ਦਿਨ ਹੋ ਗਏ ਹਨ ਮੰਡੀ ਵਿੱਚ ਬੈਠੇ ਤੇ ਜਿਨ੍ਹਾਂ ਦੀ ਸਿਫ਼ਾਰਸ਼ ਹੁੰਦੀ ਹੈ, ਉਨ੍ਹਾਂ ਦਾ ਤੋਲ ਦਿੱਤਾ ਜਾਂਦਾ ਹੈ।ਹਨੀ ਫੱਤਣਵਾਲਾ ਨੇ ਕਿਹਾ ਕਿ ਕਿਸਾਨ ਤਾਂ ਪਹਿਲਾਂ ਹੀ ਕਰਜ਼ੇ ਨਾਲ ਵਿੰਨ੍ਹਿਆ ਪਿਆ ਹੈ, ਪਰ ਹੁਣ ਕੇਂਦਰ ਤੇ ਪੰਜਾਬ ਸਰਕਾਰ ਨੇ ਆੜ੍ਹਤੀਆ ਸਿਸਟਮ ਨੂੰ ਫੇਲ੍ਹ ਕਰਨ ਲਈ ਹੀ ਲਿਫਟਿੰਗ ਦਾ ਬੁਰਾ ਹਾਲ ਹੈ ਤਾਂ ਜੁ ਅੰਬਾਨੀ ਤੇ ਅਡਾਨੀ ਵਰਗੇ ਵੱਡੇ ਕਾਰੋਬਾਰੀਆਂ ਦਾ ਹੀ ਇਸ ਸਾਰੇ ਸਿਸਟਮ 'ਤੇ ਕਬਜ਼ਾ ਕਰਾਇਆ ਜਾ ਸਕੇ।

ਦੀਵਾਲੀ ਮੌਕੇ ਪੱਤਰਕਾਰਾਂ ਨੇ ਕੀਤੀ ਸਪੀਕਰ ਨਾਲ ਮਿਲਣੀ

ਕੋਟਕਪੂਰਾ (ਰਛਪਾਲ ਭੁੱਲਰ)-ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਪਣੇ ਜੱਦੀ ਘਰ ਪਿੰਡ ਸੰਧਵਾਂ ਵਿਖੇ ਜ਼ਿਲ੍ਹੇ ਦੇ ਵੱਖ-ਵੱਖ ਸਟੇਸ਼ਨਾਂ ਦੇ ਪੱਤਰਕਾਰਾਂ ਨਾਲ ਦੀਵਾਲੀ ਦੀਆਂ ਖੁਸ਼ੀਆਂ ਸਾਂਝੀਆਂ ਕਰਨ ਲਈ ਰੱਖੀ ਮਿਲਣੀ ਦੌਰਾਨ ਪੱਤਰਕਾਰਤਾ 'ਚ ਨਿਭਾਏ ਯੋਗਦਾਨ ਬਦਲੇ ਪੱਤਰਕਾਰਾਂ ਦੀ ਪ੍ਰਸੰਸਾ ਕਰਦਿਆਂ ਆਖਿਆ ਕਿ ਜੇਕਰ ਮੇਰੇ ਜਾਂ ਸਰਕਾਰ ਦੇ ਕਿਸੇ ਕੰਮਕਾਜ ਵਿੱਚ ਕੋਈ ਕਮੀ-ਪੇਸ਼ੀ ਹੋਵੇ ਤਾਂ ਤੁਰੰਤ ਮੇਰੇ ਧਿਆਨ ਵਿੱਚ ਲਿਆਂਦੀ ਜਾਵੇ, ਉਸ ਬਦਲੇ ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦੀ ਹੋਵਾਂਗਾ। ਪੱਤਰਕਾਰਾਂ ਨੂੰ 'ਪ੍ਰਸੰਸਾ ਪੱਤਰ' ਨਾਲ ਸਨਮਾਨਤ ਕਰਦਿਆਂ ਸਪੀਕਰ ਸੰਧਵਾਂ ਨੇ ਆਖਿਆ ਕਿ ਆਪ ਜੀ ਵੱਲੋਂ ਪੱਤਰਕਾਰਤਾ ਦੇ ਖੇਤਰ ਵਿੱਚ ਪਾਏ ਜਾ ਰਹੇ ਵੱਡਮੁੱਲੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।ਉਨ੍ਹਾਂ ਕਿਹਾ ਕਿ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਤੇ ਲੋਕ ਭਲਾਈ ਸਕੀਮਾਂ ਨੂੰ ਪ੍ਰਚਾਰਨ ਵਿੱਚ ਇਕ ਪੱਤਰਕਾਰ ਅਹਿਮ ਭੂਮਿਕਾ ਨਿਭਾਉਂਦਾ ਹੈ।ਸਪੀਕਰ ਸੰਧਵਾਂ ਨੇ ਆਸ ਪ੍ਰਗਟਾਈ ਕਿ ਤੁਸੀਂ ਸਾਫ਼-ਸੁਥਰੇ ਅਕਸ ਜ਼ਰੀਏ ਆਪਣੀ ਕਲਮ ਰਾਹੀਂ ਇਸੇ ਤਰ੍ਹਾਂ ਸਮਾਜ ਦੀ ਸੇਵਾ ਕਰਦੇ ਰਹੋਗੇ।ਸਮਾਗਮ ਵਿੱਚ ਹਾਜ਼ਰ ਹੋਏ ਕੁਝ ਨਵੇਂ ਪੱਤਰਕਾਰਾਂ ਸਮੇਤ ਸਾਰਿਆਂ ਨਾਲ ਜਾਣ-ਪਛਾਣ ਕਰਨ ਤੋਂ ਬਾਅਦ ਸਪੀਕਰ ਸੰਧਵਾਂ ਨੇ ਮੁਸ਼ਕਲ ਸਮੇਂ ਵਿੱਚ ਵੀ ਦੇਸ਼ ਦੀ ਤਰੱਕੀ ਲਈ ਯੋਗਦਾਨ ਪਾਉਣ ਵਾਲੇ ਪੱਤਰਕਾਰਾਂ ਦਾ ਜ਼ਿਕਰ ਕਰਦਿਆਂ ਆਖਿਆ ਕਿ ਕਈ ਵਾਰ ਨਿਰਪੱਖ ਅਤੇ ਖੋਜੀ ਪੱਤਰਕਾਰ ਦੀ ਇਕ ਖ਼ਬਰ ਨਾਲ ਸਰਕਾਰਾਂ ਬਣ ਜਾਂ ਟੁੱਟ ਸਕਦੀਆਂ ਹਨ।

ਸੁਪਰੀਮ ਇੰਟਰਨੈਸ਼ਨਲ ਸਕੂਲ ਵਿਖੇ ਸਮੂਹ ਸਟਾਫ ਦਾ ਸਨਮਾਨ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸੁਪਰੀਮ ਇੰਟਰਨੈਸ਼ਨਲ ਸਕੂਲ ਮਹਿਲ ਕਲਾਂ ਵਿਖੇ ਦਿਵਾਲੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਸੰਸਥਾ ਦੇ ਮੁਖੀ ਡਾਇਰੈਕਟਰ ਚਰਨ ਸਿੰਘ, ਚੇਅਰਮੈਨ ਯੋਗਿੰਦਰ ਸ਼ਰਮਾ, ਪ੍ਰਿੰਸੀਪਲ ਸ਼ਿਆਮਾ ਨਾਇਰ ਤੇ ਮੋਹਨੀਸ਼ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਅਧਿਆਪਕਾਂ ਤੇ ਵਿਦਿਆਰਥੀਆਂ ਨੇ ਰੰਗਾ-ਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਸ ਵਿੱਚ ਵਿਦਿਆਰਥੀਆਂ ਨੇ ਨਾਚ, ਗੀਤ, ਕਵਿਤਾਵਾਂ ਤੇ ਭਾਸ਼ਣ ਪੇਸ਼ ਕੀਤੇ। ਇਹ ਤਿਉਹਾਰ ਕਈ ਦਿਨਾਂ ਤੋਂ ਹੀ ਆਰੰਭ ਸੀ, ਜਿਸ ਲਈ ਕਈ ਪ੍ਰਤੀਯੋਗਤਾਵਾਂ ਵੀ ਕਰਵਾਈਆਂ ਜਾ ਰਹੀਆਂ ਸਨ, ਜਿਵੇਂ ਕਿ ਦੀਵਾ ਰੰਗਣ ਦੀ ਪ੍ਰਤੀਯੋਗਤਾ, ਰੰਗੋਲੀ ਬਣਾਉਣ ਦੀ ਪ੍ਰਤੀਯੋਗਤਾ, ਕਾਰਡ ਬਣਾਉਣ ਦੀ ਪ੍ਰਤੀਯੋਗਤਾ ਤੇ ਜਮਾਤ ਸਜਾਉਣ ਦੀ ਪ੍ਰਤੀਯੋਗਤਾਵਾਂ ਵੀ ਕਰਵਾਈਆਂ ਗਈਆਂ। ਪ੍ਰਿੰਸੀਪਲ ਸ਼ਿਆਮਾ ਨਾਇਰ ਨੇ ਦਿਵਾਲੀ ਦੀ ਵਧਾਈ ਦਿੰਦੇ ਹੋਏ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਇਸ ਤਿਉਹਾਰ ਦੇ ਇਤਿਹਾਸ ਤੋਂ ਜਾਣੂ ਕਰਵਾਇਆ।ਸੰਸਥਾ ਦੇ ਪ੍ਰਬੰਧਕਾਂ ਵੱਲੋਂ ਸਾਰੇ ਸਟਾਫ ਨੂੰ ਮਠਿਆਈ ਤੇ ਗਿਫਟ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਉਨ੍ਹਾਂ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਇਸ ਤਿਉਹਾਰ ਦੀਆਂ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਗਰੀਨ ਦਿਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ।

ਸਰਪੰਚ ਰਮੇਸ਼ ਕੰਬੋਜ ਵੱਲੋਂ ਨੌਜਵਾਨਾਂ ਨੂੰ ਵੰਡੀਆਂ ਗਈਆਂ ਕ੍ਰਿਕਟ ਕਿੱਟਾਂ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਮੰਡੀ ਪੰਜੇ ਕੇ ਉਤਾੜ ਦੇ ਨਵਨਿਯੁਕਤ ਸਰਪੰਚ ਰਮੇਸ਼ ਕੁਮਾਰ ਸੋਨੂੰ ਕੰਬੋਜ ਵੱਲੋਂ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਪਹਿਲਾਂ ਵੀ ਹਰ ਸੰਭਵ ਯਤਨ ਕੀਤੇ ਜਾਂਦੇ ਰਹੇ ਹਨ।ਇਸੇ ਲੜੀ ਨੂੰ ਅੱਗੇ ਤੋਰਦਿਆਂ ਉਨ੍ਹਾਂ ਵੱਲੋਂ ਆਪਣੇ ਨਿਵਾਸ ਸਥਾਨ ਤੇ ਪਿੰਡ ਚੱਕ ਪੰਜੇ ਕੇ (ਟੈਲਾ) ਦੇ ਨੌਜਵਾਨਾਂ ਨੂੰ ਕ੍ਰਿਕਟ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਗੱਲਬਾਤ ਦੌਰਾਨ ਸਰਪੰਚ ਰਮੇਸ਼ ਕੰਬੋਜ ਸੋਨੂੰ ਨੇ ਦੱਸਿਆ ਕਿ ਜਲਦੀ ਹੀ 50 ਕਿੱਟਾਂ ਹੋਰ ਆ ਜਾਣਗੀਆਂ ਜੋ ਨੌਜਵਾਨਾਂ ਨੂੰ ਵੰਡੀਆਂ ਜਾਣਗੀਆਂ ਅਤੇ ਨੌਜਵਾਨਾਂ ਨੂੰ ਪਹਿਲ ਦੇ ਆਧਾਰ ਤੇ ਖੇਡਾਂ ਦਾ ਸਮਾਨ ਮੁੱਹਈਆ ਕਰਵਾਇਆ ਜਾਵੇਗਾ। ਉਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਵੱਲੋਂ ਮੂੰਹ ਮੋੜ ਕੇ ਖੇਡਾ ਵੱਲ ਧਿਆਨ ਦਿੱਤਾ ਜਾਵੇ ਤਾਂ ਕਿ ਪਰਿਵਾਰ ਅਤੇ ਸਮਾਜ ਵਿੱਚ ਵਧੀਆ ਮਹੌਲ ਸਿਰਜਿਆ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਪਾਰ ਮੰਡਲ ਪੰਜੇ ਕੇ ਉਤਾੜ ਦੇ ਪ੍ਰਧਾਨ ਵਕੀਲ ਭਠੇਜਾ, ਰੋਸ਼ਨ ਲਾਲ ਭਠੇਜਾ ਜ਼ਿਲਾ ਵਾਇਸ ਪ੍ਰਧਾਨ, ਬਗੀਚ ਚੰਦ ਬੱਟੀ, ਹਰੀ ਚੰਦ ਸਾਬਕਾ ਸਰਪੰਚ, ਮੁਰਾਰੀ ਲਾਲ ਨੰਬਰਦਾਰ ਸਗਨ ਲਾਲ ਮਰੋਕ, ਪਵਨ ਕੁਮਾਰ, ਦੀਪਕ ਭਠੇਜਾ, ਰਾਜੂ ਹਾਂਡਾ, ਦਾਨਾ ਰਾਮ ਕਾਮਰੇਡ, ਬੱਬੂ ਬੱਟੀ, ਸੁੱਖਦੇਵ ਬੱਟੀ, ਸਾਜਨ ਵਿਨਾਇਕ, ਪਰਮਜੀਤ ਮੁਨੀਮ, ਪਰਮਜੀਤ ਸਿੰਘ ਮੈਂਬਰ, ਗੁਰਮੇਜ ਸਿੰਘ ਲਾਡੀ, ਰਾਜ ਸਿੰਘ ਮੈਂਬਰ, ਜੋਗਿੰਦਰ ਸਿੰਘ ਮੈਂਬਰ ਪੰਚਾਇਤ, ਜੰਗੀਰ ਸਿੰਘ ਮੈਂਬਰ, ਸੁਨੀਲ ਮੈਬਰ ਪੰਚਾਇਤ, ਸੁੱਖਦੇਵ ਮੈਬਰ, ਹਰਮੀਤ ਵਿਨਾਇਕ, ਗੁਰਮੀਤ ਸਿੰਘ ਪ੍ਰਧਾਨ ਮਾਤਾ ਚਿੰਤਪੁਰਨੀ ਜੀ ਸੇਵਕ ਸਭਾ, ਭਾਈ ਰਾਮ ਸਿੰਘ, ਬਾਬਾ ਸੂਰਜ, ਭਜਨ ਸਿੰਘ ਰਾਜਪੂਤ ਆਦਿ ਹਾਜ਼ਰ ਸਨ।

ਡੀ ਟੀ ਐੱਫ ਵੱਲੋਂ ਮੰਗਾਂ ਦੀ ਪੂਰਤੀ ਲਈ ਬਰਨਾਲਾ 'ਚ ਰੋਸ ਰੈਲੀ 9 ਨੂੰ

ਪੰਜਾਬ ਸਰਕਾਰ ਪੇਂਡੂ ਭੱਤੇ ਸਮੇਤ ਸਾਰੇ ਕੱਟੇ ਭੱਤੇ ਮੁੜ ਕਰੇ ਬਹਾਲ : ਤਾਮਕੋਟ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲੀ ਦੇ ਅਹਿਮ ਮਸਲੇ ਨੂੰ ਠੰਢੇ ਬਸਤੇ 'ਚ ਪਾਉਣ ਤੇ ਹੱਕੀ ਮੰਗਾਂ ਪ੍ਰਤੀ ਡੰਗ ਟਪਾਊ ਨੀਤੀ ਖ਼ਿਲਾਫ਼ ਚੱਲ ਰਹੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਅਧਿਆਪਕਾਂ ਦੀ ਪ੍ਰਤੀਨਿਧ ਜਥੇਬੰਦੀ ਡੀ.ਟੀ.ਐੱਫ. ਵੱਲੋਂ 9 ਨਵੰਬਰ ਨੂੰ ਬਰਨਾਲਾ 'ਚ ਸੂਬਾ ਪੱਧਰੀ ਰੋਸ ਰੈਲੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਡੀ ਟੀ ਐੱਫ਼ ਦੇ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਦੱਸਿਆ ਕਿ ਜਨਵਰੀ 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੇ ਅਧਿਆਪਕਾਂ ਦੀ ਹੱਕੀ ਮੰਗ ਪੁਰਾਣੀ ਪੈਨਸ਼ਨ, ਆਪ ਸਰਕਾਰ ਵੱਲੋਂ ਢਾਈ ਸਾਲ ਬੀਤਣ ਦੇ ਬਾਵਜੂਦ ਪੂਰੀ ਨਹੀਂ ਕੀਤੀ।ਇਸ ਸਬੰਧੀ ਅਧੂਰਾ ਨੋਟੀਫਿਕੇਸ਼ਨ ਜਾਰੀ ਕਰਕੇ ਮਸਲਾ ਠੰਡੇ ਬਸਤੇ ਵਿੱਚ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਆਗੂਆਂ ਨੇ ਦੱਸਿਆ ਕਿ ਸੂਬਾ ਕਮੇਟੀ ਦੀ ਅਹਿਮ ਮੀਟਿੰਗ ਦੌਰਾਨ ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਦੀ ਤਿੱਖੀ ਅਲੋਚਨਾ ਕੀਤੀ ਗਈ।ਉਨ੍ਹਾਂ ਕਿਹਾ ਕਿ ਇਨ੍ਹਾਂ ਨੀਤੀਆਂ ਕਾਰਨ ਆਮ ਲੋਕਾਂ ਤੇ ਮੁਲਾਜ਼ਮਾਂ ਦਾ ਲਗਾਤਾਰ ਸ਼ੋਸ਼ਣ ਹੋ ਰਿਹਾ ਹੈ।ਡੀ ਟੀ ਐੱਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਪੰਜਾਬ ਦੇ ਮੁਲਾਜ਼ਮ 1970 ਦੇ ਦਹਾਕੇ ਵਾਲੀ ਪੁਰਾਣੀ ਪੈਨਸ਼ਨ ਲਾਗੂ ਕਰਨ ਦੀ ਮੰਗ ਕਰ ਰਹੇ ਹਨ, ਜਦੋਂ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਕੰਟਰੀਬਿਊਟਰੀ ਸਕੀਮ ਤਹਿਤ ਨਵੀਂ ਐੱਨ ਪੀ ਐੱਸ ਯੂ ਪੀ ਐੱਸ ਪ੍ਰਣਾਲੀ ਵਾਲੀ ਮਾਮੂਲੀ ਪੈਨਸ਼ਨ ਜਬਰੀ ਥੋਪੀ ਜਾ ਰਹੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਸਿੱਖਿਆ ਕ੍ਰਾਂਤੀ ਦਾ ਨਾਅਰਾ ਦੇ ਕੇ ਚੋਣ ਮੈਨੀਫੈਸਟੋ ਵਿੱਚ ਪੈਨਸ਼ਨ ਬਹਾਲ ਕਰਨ ਦਾ ਲਿਖਤੀ ਵਾਅਦਾ ਕਰਕੇ ਸੱਤਾ ਹਾਸਲ ਕਰਨ ਵਾਲੀ ਆਪ ਸਰਕਾਰ ਪੰਜਾਬ ਦੇ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਦੇਣ ਤੋਂ ਆਨਾ-ਕਾਨੀ ਕਰ ਰਹੀਂ ਹੈ।ਪੰਜਾਬ ਦੇ ਮੁਲਾਜ਼ਮਾਂ ਦੇ ਪੇਂਡੂ ਭੱਤੇ ਸਮੇਤ 36 ਤਰ੍ਹਾਂ ਦੇ ਕੱਟੇ ਭੱਤੇ ਬਹਾਲ ਕਰਨ ਤੇ ਡੀ ਏ ਦੀਆਂ ਕਿਸ਼ਤਾਂ ਦੇ ਬਕਾਏ ਜਾਰੀ ਕਰਨ ਤੋਂ ਵੀ ਇਨਕਾਰੀ ਹੈ।ਸੂਬਾ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਹਰ ਵਾਰ ਚੋਣਾਂ ਦੌਰਾਨ ਪੈਨਸ਼ਨ ਬਹਾਲੀ ਸਮੇਤ ਮੁਲਾਜ਼ਮਾਂ ਨੂੰ ਗੱਲੀਂ ਬਾਤੀਂ ਰਿਉੜੀਆਂ ਵੰਡੀਆਂ ਜਾਂਦੀਆਂ ਹਨ।ਇਸ ਲਈ ਕੇਂਦਰ ਸਰ

3-Nov-PAGE-3.qxd 11/2/2024 10:25 PM Page 1

ਅੰਤਰਰਾਜੀ ਹਥਿਆਰਾਂ ਦੀ ਤਸਕਰੀ ਦਾ ਪਰਦਾ ਫਾਸ਼; 12 ਅਤਿ-ਆਧੁਨਿਕ ਪਿਸਤੌਲਾਂ ਸਮੇਤ ਸੱਤ ਕਾਬੂ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)- ਪੰਜਾਬ ਨੂੰ ਇੱਕ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿਮ ਦੌਰਾਨ ਇੱਕ ਵੱਡੀ ਸਫ਼ਲਤਾ ਪ੍ਰਾਪਤ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਵੱਲੋਂ ਅਮਰੀਕਾ ਅਧਾਰਤ ਦਿਲਪ੍ਰੀਤ ਸਿੰਘ ਨਾਲ ਜੁੜੇ ਇੱਕ ਅੰਤਰਰਾਜੀ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਮਡਿਊਲ ਦੇ ਸੱਤ ਸਰਗਣਿਆਂ ਨੂੰ ਗ੍ਰਿਫ਼ਤਾਰ ਕਰਕੇ ਇਸ ਨੂੰ ਨਸ਼ਟ ਕਰ ਦਿੱਤਾ ਗਿਆ ਹੈ ਅਤੇ ਉਹਨਾਂ ਦੇ ਕਬਜ਼ੇ 'ਚੋਂ 12 ਪਿਸਤੌਲਾਂ, 16 ਮੈਗਜ਼ੀਨ ਅਤੇ 23 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਡਾਇਰੈਕਟਰ ਜਨਰਲ ਆਫ਼ ਪੁਲਸ (ਡੀ ਜੀ ਪੀ) ਗੌਰਵ ਯਾਦਵ ਨੇ ਅੱਜ ਇੱਥੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਕਰਨਜੀਤ ਸਿੰਘ ਉਰਫ ਧਨੀ, ਜਸਨਦੀਪ ਸਿੰਘ ਉਰਫ ਮਾਇਆ ਉਰਫ ਛਿੱਲਰ, ਇਸਮੀਤ ਸਿੰਘ ਉਰਫ ਰਿਸੂ, ਅੰਮ੍ਰਿਤਪਾਲ ਸਿੰਘ ਉਰਫ ਸਪਰਾ ਅਤੇ ਦਿਲਪ੍ਰੀਤ ਸਿੰਘ ਉਰਫ ਦਿਲ ਸਾਰੇ ਵਾਸੀ ਛੇਹਰਟਾ ਜ਼ਿਲ੍ਹਾ ਅੰਮ੍ਰਿਤਸਰ ਅਤੇ ਵਰਿੰਦਰ ਸਿੰਘ ਉਰਫ ਰਵੀ ਤੇ ਗੁਰਪ੍ਰੀਤ ਸਿੰਘ ਉਰਫ ਗੋਪੀ ਵਾਸੀ ਬਾਬਾ ਬਕਾਲਾ ਸਾਹਿਬ ਅੰਮ੍ਰਿਤਸਰ ਵਜੋਂ ਹੋਈ ਹੈ। ਡੀ ਜੀ ਪੀ ਗੌਰਵ ਯਾਦਵ ਨੇ ਕਿਹਾ ਕਿ ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਮਡਿਊਲ ਮੱਧ ਪ੍ਰਦੇਸ਼ ਤੋਂ ਹਥਿਆਰ ਮੰਗਵਾ ਕੇ ਵੱਖ-ਵੱਖ ਗਰੋਹਾਂ ਨੂੰ ਮੁਹੱਈਆ ਕਰਵਾ ਰਿਹਾ ਸੀ। ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਮੁਲਜ਼ਮ ਕਰਨਜੀਤ ਧਨੀ ਨੇ ਆਪਣੇ ਭਰਾ ਜਸ਼ਨਦੀਪ ਸਿੰਘ ਅਤੇ ਇਸਮੀਤ ਨਾਲ ਮਿਲ ਕੇ ਅਮਰੀਕਾ ਅਧਾਰਤ ਦਿਲਪ੍ਰੀਤ ਸਿੰਘ ਦੀਆਂ ਹਦਾਇਤਾਂ 'ਤੇ ਮੱਧ ਪ੍ਰਦੇਸ਼ ਤੋਂ ਹਥਿਆਰਾਂ ਦੀ ਖੇਪ ਗਰੋਹ ਮੈਂਬਰਾਂ ਤੱਕ ਪਹੁੰਚਾਉਣ ਲਈ ਲਿਆਂਦਾ ਸੀ। ਡੀ ਜੀ ਪੀ ਨੇ ਕਿਹਾ ਕਿ ਮਡਿਊਲ ਵਿੱਚ ਸ਼ਾਮਲ ਹੋਰ ਲੋਕਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ ਅਤੇ ਆਗਾਮੀ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਉਮੀਦ ਹੈ।

ਇਸ ਆਪ੍ਰੇਸ਼ਨ ਸਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ ਪੁਲਸ ਕਮਿਸਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਮੱਧ ਪ੍ਰਦੇਸ਼ ਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਕੇ ਸੂਬੇ ਵਿੱਚ ਅਪਰਾਧਿਕ ਅਨਸਰਾਂ ਨੂੰ ਸਪਲਾਈ ਕੀਤੇ ਜਾ ਰਹੇ ਹਨ। ਇਸ ਸੂਚਨਾ 'ਤੇ ਤੁਰੰਤ ਕਾਰਵਾਈ ਕਰਦਿਆਂ ਇਸਲਾਮਾਬਾਦ ਥਾਣਾ ਅਤੇ ਸੀ.ਆਈ.ਏ.-2 ਡੀ.ਸੀ.ਪੀ ਇਨਵੈਸਟੀਗੇਸਨ ਹਰਪ੍ਰੀਤ ਸਿੰਘ ਮੰਡੇਰ ਦੀ ਦੇਖ-ਰੇਖ ਹੇਠ ਵਿਸ਼ੇਸ਼ ਮੁਹਿਮ ਚਲਾ ਕੇ ਛੇਹਰਟਾ ਅਤੇ ਬਾਬਾ ਬਕਾਲਾ ਦੇ ਇਲਾਕੇ ਤੋਂ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਇਸ ਸਬੰਧੀ ਅੰਮ੍ਰਿਤਸਰ ਦੇ ਥਾਣਾ ਇਸਲਾਮਾਬਾਦ ਵਿਖੇ ਕੇਸ ਦਰਜ ਕੀਤਾ ਗਿਆ ਹੈ।

ਸੇਖਵਾਂ ਨੇ ਸਰਪੰਚ ਕਸ਼ਮੀਰ ਸਿੰਘ ਦਾ ਕੀਤਾ ਸਨਮਾਨ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਆਮ ਆਦਮੀ ਪਾਰਟੀ ਤੋਂ ਹਲਕਾ ਇੰਚਾਰਜ ਕਾਦੀਆਂ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ, ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਹਲਕਾ ਕਾਦੀਆਂ ਦੇ ਪਿੰਡ ਲੰਗਰ ਕੋਟ ਦੇ ਸਰਬਸੰਮਤੀ ਨਾਲ ਬਣੇ ਸਰਪੰਚ ਕਸ਼ਮੀਰ ਸਿੰਘ ਵਿੰਗ ਕਾਦੀਆਂ ਦਾ ਵਿਸ਼ੇਸ਼ ਸਨਮਾਨ ਕਰਕੇ ਸਰਪੰਚ ਬਣਨ ਦੀ ਮੁਬਾਰਕਬਾਦ ਦਿੱਤੀ। ਸਰਪੰਚ ਕਸ਼ਮੀਰ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਪੰਜ ਮੈਂਬਰ ਬਣੇ ਹਨ ਜਿਨ੍ਹਾਂ ਵਿੱਚ ਮਨਦੀਪ ਸਿੰਘ, ਦਲਜੀਤ ਕੌਰ, ਸੱਤਿਆ, ਸੁੱਚਾ ਰਾਮ, ਸੁਖਜਿੰਦਰ ਸਿੰਘ ਨੂੰ ਸਰਬਸੰਮਤੀ ਨਾਲ ਮੈਂਬਰ ਪੰਚਾਇਤ ਚੁਣਿਆ ਗਿਆ। ਉਨ੍ਹਾਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਪਿੰਡ 'ਚ ਪਹਿਲ ਦੇ ਅਧਾਰ 'ਤੇ ਵਿਕਾਸ ਕਾਰਜ ਕਰਵਾਏ ਜਾਣਗੇ ਅਤੇ ਪਿੰਡ ਵਿੱਚ ਸਰਕਾਰ ਵੱਲੋਂ ਮਿਲਣ ਵਾਲੀਆਂ ਹਰ ਤਰ੍ਹਾਂ ਦੀਆਂ ਸਹੂਲਤਾਂ ਨੂੰ ਪਹਿਲ ਦੇ ਅਧਾਰ 'ਤੇ ਮੁਹਈਆ ਕਰਵਾਇਆ ਜਾਵੇਗਾ। ਪਿੰਡ ਵਿੱਚ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ ਅਤੇ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਹਰੇਕ ਵੋਟਰ ਸਪੋਰਟਰ ਦਾ ਪੂਰਾ ਮਾਨ ਸਤਿਕਾਰ ਕੀਤਾ ਜਾਵੇਗਾ। ਇਸ ਮੌਕੇ ਸਰਪੰਚ ਕਸ਼ਮੀਰ ਸਿੰਘ ਵੱਲੋਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦਾ ਅਤੇ ਸਮੂਹ ਪਿੰਡ ਦੇ ਵੋਟਰਾਂ ਸਪੋਰਟਰਾਂ ਤੇ ਸਮਰਥਕਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਸਰੂਪ ਸਿੰਘ, ਸਾਬਕਾ ਸਰਪੰਚ ਮਾਸਟਰ ਗੁਰਬਚਨ ਸਿੰਘ, ਸਾਬਕਾ ਸਰਪੰਚ ਸੁਖਜਿੰਦਰ ਸਿੰਘ, ਜਸਵੰਤ ਸਿੰਘ, ਬਲਵਿੰਦਰ ਸਿੰਘ ਲੰਬੜਦਾਰ, ਪ੍ਰੇਮ ਸਿੰਘ ਪੰਮਾ, ਰਸ਼ਪਾਲ ਸਿੰਘ, ਗੁਰਜੀਤ ਸਿੰਘ , ਮਨੀਰ ਮਸੀਹ, ਪ੍ਰੇਮ ਮਸੀਹ ਆਦਿ ਹਾਜ਼ਰ ਸਨ।

ਗ਼ਦਰੀ ਬਾਬਿਆਂ ਦੀ ਯਾਦ 'ਚ ਲੱਗਣ ਵਾਲੇ ਮੇਲੇ ਦੌਰਾਨ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ 'ਪੁਸਤਕ ਮੇਲਾ'

ਜਲੰਧਰ (ਕੇਸਰ)-ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਚ ਗ਼ਦਰੀ ਬਾਬਿਆਂ ਦੀ ਯਾਦ ਲੱਗਣ ਵਾਲੇ ਮੇਲੇ ਵਿਚ ਜਿਥੇ ਚਿਤਰਕਲਾ ਪ੍ਰਦਰਸ਼ਨੀ, ਭਾਸ਼ਣ, ਗਾਇਨ, ਕੁਇਜ਼, ਪੇਂਟਿੰਗ ਮੁਕਾਬਲਿਆਂ ਦੇ ਨਾਲ ਵਿਚਾਰ-ਚਰਚਾਵਾਂ, ਕਵੀ ਦਰਬਾਰ, ਗੀਤ-ਸੰਗੀਤ, ਨੁੱਕੜ ਨਾਟਕ ਅਤੇ ਸਾਰੀ ਰਾਤ ਵੱਡ ਅਕਾਰੀ ਨਾਟਕ ਇਸਦੀ ਜਿੰਦ ਜਾਨ ਹਨ, ਉਥੇ ਪੁਸਤਕ ਮੇਲਾ ਵੀ ਲੇਖਕਾਂ, ਪ੍ਰਕਾਸ਼ਕਾਂ, ਪੁਸਤਕ ਵਿਕਰੇਤਾਵਾਂ ਅਤੇ ਪਾਠਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੁੰਦਾ ਹੈ। ਇਸ ਵਾਰ ਦੇ ਮੇਲੇ ਵਿਚ ਕਾਰਪੋਰੇਟ ਦਾ ਕਰੂਰ ਚਿਹਰੇ ਦਾ ਪਾਰਦਾਵਾਸ਼ ਕਰਦੀਆਂ ਅਤੇ ਹਿੰਦੋਸਤਾਨ ਵਿਚ ਪਨਪ ਰਹੇ ਫਾਸ਼ੀਵਾਦੀ ਰੁਝਾਨ ਸੰਬੰਧੀ ਪੁਸਤਕਾਂ ਪਾਠਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨਗੀਆਂ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸ ਵਾਰ ਦੇ ਪੁਸਤਕ ਮੇਲੇ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਪਿਛਲੇ ਦਿਨੀਂ ਪੰਜਾਬ ਦੇ ਕੋਨੇ-ਕੋਨੇ 'ਤੇ ਪੁਸਤਕਾਂ ਦੇ ਵਣਜਾਰਿਆਂ ਮੀਟਿੰਗ ਕੀਤੀ ਗਈ ਜਿਸ ਵਿਚ ਕਮੇਟੀ ਦੇ ਬੁਲਾਰਿਆਂ ਨੇ ਕਮੇਟੀ ਦੀਆਂ ਸੀਮਤਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਇਸ ਪੁਸਤਕ ਮੇਲੇ ਨੂੰ ਪ੍ਰਫੁੱਲਿਤ ਕਰਨ ਲਈ ਉਨ੍ਹਾਂ ਦੀ ਪੰਜ ਮੈਂਬਰੀ ਤਾਲਮੇਲ ਕਮੇਟੀ ਬਣਾਈ ਗਈ। ਉਸ ਤਾਲਮੇਲ ਕਮੇਟੀ ਰਾਹੀਂ ਸਭਨਾਂ ਪਬਲਿਸ਼ਰਜ਼ ਅਤੇ ਪੁਸਤਕ ਵਿਕਰੇਤਾਵਾਂ ਨੂੰ ਹਿੰਦੋਤਸਾਨ ਭਰ ਵਿਚ ਇਕ ਸਹਿਮਤੀ ਪੱਤਰ ਭੇਜਿਆ ਗਿਆ, ਜਿਸ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ। ਹੁਣ ਤੱਕ ਮਿਲੀ ਜਾਣਕਾਰੀ ਮੁਤਾਬਕ ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ, ਦਿੱਲੀ ਤੋਂ ਵੱਡੀ ਗਿਣਤੀ ਵਿਚ ਪ੍ਰਕਾਸ਼ਕ ਅਤੇ ਪੁਸਤਕ ਵਿਕਰੇਤਾ ਆਪਣੀਆਂ ਨਵੀਆਂ ਕਿਤਾਬਾਂ ਰਾਹੀਂ ਸ਼ਿਰਕਤ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਵਾਰ 7 ਨਵੰਬਰ ਸ਼ਾਮ 4 ਵਜੇ ਪੁਸਤਕ ਸਭਿਆਚਾਰ ਤੇ ਵਿਚਾਰ-ਚਰਚਾ ਅਤੇ ਚਿੱਤਰਕਲਾ ਪ੍ਰਦਰਸ਼ਨੀ ਦੇ ਉਦਘਾਟਨ ਨਾਲ ਸ਼ੁਰੂ ਹੋਣ ਵਾਲਾ ਮੇਲਾ ਕਾਰਪੋਰੇਟ ਅਤੇ ਫਾਸ਼ੀਵਾਦ ਵਿਰੁੱਧ ਸੰਘਰਸ਼ਾਂ ਨੂੰ ਸਮਰਪਤ ਹੋਣ ਕਰਕੇ ਵਿਸ਼ਵ ਭਰ ਦੇ ਲੋਕਾਂ ਉਪਰ ਲੱਦੀਆਂ ਜਾ ਰਹੀਆਂ ਨਿਹੱਕੀਆਂ ਜੰਗਾਂ, ਤੇਜ ਕੀਤੇ ਜਾ ਰਹੇ ਫ਼ਿਰਕੂ ਫਾਸ਼ੀ ਹੱਲੇ, ਵੱਖ-ਵੱਖ ਮੁਲਕਾਂ ਵਾਂਗ ਸਾਡੇ ਮੁਲਕ ਦੇ ਕੁਦਰਤੀ ਮਾਲ ਖਜ਼ਾਨਿਆਂ ਅਤੇ ਮਨੁੱਖੀ ਕਿਰਤ ਦੀ ਅੰਨ੍ਹੀ ਲੁੱਟ ਖਿਲਾਫ਼ ਮਘਦੇ ਭਖ਼ਦੇ ਲੋਕ ਸੰਘਰਸ਼ਾਂ ਨੂੰ ਕੇਂਦਰ ਵਿੱਚ ਰੱਖਦਾ, ਆਵਾਮ ਦੀ ਪੀੜਾ, ਨਾਬਰੀ ਅਤੇ ਸੋਹਣੇ ਸਮਾਜ ਦੀ ਥਾਹਿਸ਼ ਦੀ ਤਰਜ਼ਮਾਨੀ ਕਰੇਗਾ। ਮੇਲੇ ਦੇ ਦਿਨਾਂ 'ਚ ਹਾਲ ਅੰਦਰ ਸਿਰਜੇ ਜਾ ਰਹੇ ਕਾਂਸ਼ੀ ਰਾਮ ਮੜੌਲੀ ਨਗਰ, ਅਜੀਤ ਸਿੰਘ ਮੰਚ ਅਤੇ 'ਜ਼ੁਲੀਅਸ ਫਿਊਚਿਕ ਪ੍ਰਦਰਸ਼ਨੀ' ਨਾਲ ਇਹ ਮੇਲਾ ਇਤਿਹਾਸਕ ਵਿਰਾਸਤ ਦੀ ਅਤੀਤ ਨੂੰ ਅਜੋਕੇ ਸਮੇਂ ਅਤੇ ਆਉਣ ਵਾਲੇ ਕੱਲ੍ਹ ਨਾਲ ਜੋੜੇਗਾ। ਮੇਲੇ 'ਚ 8 ਨਵੰਬਰ ਨੂੰ ਕੁਇਜ਼, ਗਾਇਨ, ਭਾਸ਼ਣ ਅਤੇ ਪੇਂਟਿੰਗ ਮੁਕਾਬਲਾ ਹੋਏਗਾ। ਵਿਚਾਰ-ਚਰਚਾ ਹੋਵੇਗੀ ਜਿਸ ਵਿੱਚ ਮੁੱਖ ਵਕਤਾ ਐਡਵੋਕੇਟ ਰਾਜਿੰਦਰ ਸਿੰਘ ਚੀਮਾ ਅਤੇ ਅਪੂਰਵਾਨੰਦ, ਕਵੀ-ਦਰਬਾਰ, ਫ਼ਿਲਮ ਸ਼ੋਅ, ਸੰਜੇ ਕਾਕ ਅਤੇ ਆਨੰਦਵਟਵਰਧਨ ਦੇ ਵਿਚਾਰ ਸਾਂਝੇ ਹੋਣਗੇ। ਪੇਂਟਿੰਗ ਮੁਕਾਬਲੇ ਦੇ ਇਨਾਮ-ਸਨਮਾਨ ਵੰਡ ਮੌਕੇ ਵਿਦਿਆਰਥੀਆਂ 'ਚ ਵਿਗਿਆਨਕ ਸੋਚ ਬਾਰੇ ਵਿਚਾਰਾਂ ਅਤੇ ਬਾਲ ਕਲਾਕਾਰਾਂ ਵੱਲੋਂ ਜਲ੍ਹਿਆਂਵਾਲਾ ਬਾਗ਼ ਦੀ ਖ਼ੂਨੀ ਵਿਸਾਖੀ ਓਪੇਰੇ ਦੀ ਝਲਕ ਪੇਸ਼ ਕੀਤੀ ਜਾਏਗੀ। ਮੇਲੇ ਦੇ ਸਿਖਰਲੇ ਦਿਨ 9 ਨਵੰਬਰ ਸਵੇਰੇ 10 ਵਜੇ ਕਮੇਟੀ ਮੈਂਬਰ ਹਰਦੇਵ ਅਰਸ਼ੀ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣਗੇ। ਉਪਰੰਤ ਦੇਸ਼ ਭਗਤ ਯਾਦਗਾਰ ਹਾਲ ਵਿੱਚ 4 ਨਵੰਬਰ ਤੋਂ ਲੱਗੀ ਵਰਕਸ਼ਾਪ 'ਚ ਤਿਆਰ ਕੀਤਾ ਅਮੋਲਕ ਸਿੰਘ ਦਾ ਲਿਖਿਆ ਸੱਤਪਾਲ ਪਟਿਆਲਾ ਅਤੇ ਕਰਾਂਤੀਪਾਲ ਬਿਆਸ ਦੀ ਨਿਰਦੇਸ਼ਨਾ 'ਚ ਸੰਗੀਤ ਓਪੇਰਾ 'ਮੇਲਾ ਕੀ ਕਹਿੰਦੈ' ਪੇਸ਼ ਹੋਏਗਾ। ਗੀਤ-ਸੰਗੀਤ ਮਗਰੋਂ 'ਖੇਤੀ ਅਤੇ ਪਾਣੀ ਸੰਕਟ' ਉਪਰ ਕਮੇਟੀ ਦੇ ਪ੍ਰਤੀਨਿੱਧ ਵਿਚਾਰ-ਚਰਚਾ ਕਰਨਗੇ। ਸ਼ਾਮ 6:30 ਵਜੇ ਗੀਤਾਂ ਦੀ ਲੜੀ ਨਾਲ ਸ਼ੁਰੂ ਹੋਣ ਵਾਲੀ ਨਾਟਕਾਂ ਅਤੇ ਗੀਤਾਂ ਭਰੀ ਰਾਤ ਦਾ ਆਗਾਜ਼ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੇ ਸੁਨੇਹੇ ਨਾਲ ਹੋਏਗਾ। ਇਸ ਰਾਤ 'ਪੋਸਟਰ' (ਚਕਰੇਸ਼ ਚੰਡੀਗੜ੍ਹ), 'ਧਰਤੀ ਦੀ ਧੀ: ਐਂਟੀਗਨੀ' (ਕੇਵਲ ਧਾਲੀਵਾਲ), 'ਗੁੰਮਸ਼ੁਦਾ ਅੌਰਤ' (ਅਨੀਤਾ ਸ਼ਬਦੀਸ਼), 'ਰਾਖਾ' (ਬਲਰਾਜ ਸਾਗਰ), 'ਹਨੇਰ ਨਗਰੀ' (ਜਸਵਿੰਦਰ ਪੱਪੀ) ਅਤੇ ਇਪਟਾ ਦੇ ਅਵਤਾਰ ਚੜਿਕ ਅਤੇ ਸਾਥੀ 'ਭੰਡ ਮੇਲੇ ਆਏ' ਪੇਸ਼ ਕਰਨਗੇ। ਇਸ ਤੋਂ ਇਲਾਵਾ ਮੇਲੇ ਵਿੱਚ ਦਿਨ ਅਤੇ ਰਾਤ ਵੇਲੇ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਗੁਰਪਿੰਦਰ ਗੜ੍ਹਦੀਵਾਲਾ, ਧਰਮਿੰਦਰ ਮਸਾਣੀ, ਨਰਗਿਸ, ਅੰਮ੍ਰਿਤਪਾਲ ਫਿਲੌਰ ਆਦਿ ਗਾਇਕਾਂ ਵੱਲੋਂ ਗੀਤ-ਸੰਗੀਤ ਹੋਵੇਗਾ।

'ਆਪ' ਦੇ ਪੁਰਾਣੇ ਵਰਕਰ ਹਰਜਿੰਦਰ ਸਿੰਘ ਸੋਢੀ ਸਾਥੀਆਂ ਸਮੇਤ ਕਾਂਗਰਸ 'ਚ ਸ਼ਾਮਲ

ਗੁਰਦਾਸਪੁਰ, (ਜਨਕ ਮਹਾਜਨ)- ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਗਿੱਦੜਪਿੰਡੀ ਵਿੱਚ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਆਮ ਆਦਮੀ ਪਾਰਟੀ ਦੇ ਪੁਰਾਣੇ ਵਰਕਰ ਹਰਜਿੰਦਰ ਸਿੰਘ ਸੋਢੀ ਆਪਣੇ ਕਈ ਸਾਥੀਆਂ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਗਏ। ਪਾਰਟੀ ਵਿੱਚ ਸ਼ਾਮਲ ਹੋਣ 'ਤੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਕਿਹਾ ਕਿ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਬਹੁਤ ਪ੍ਰੇਸ਼ਾਨ ਹਨ ਜਿਸ ਕਾਰਨ ਉਹ ਇਸ ਪਾਰਟੀ ਨੂੰ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਪੰਜਾਬ ਕਾਂਗਰਸ ਪਾਰਟੀ ਦੇ ਹੱਥਾਂ ਵਿੱਚ ਸੁਰੱਖਿਅਤ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਂਦਾ ਹੈ। ਲੋਕ ਕਾਂਗਰਸ ਦੀਆਂ ਨੀਤੀਆਂ ਤੋਂ ਖੁਸ਼ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਚੋਣਾਂ ਦੌਰਾਨ ਝੂਠੇ ਵਾਅਦੇ ਕਰਕੇ ਅਤੇ ਵੋਟਾਂ ਹਾਸਲ ਕਰਕੇ ਸੱਤਾ ਵਿੱਚ ਆਉਣ ਵਾਲੀ 'ਆਪ' ਸਰਕਾਰ ਤੋਂ ਲੋਕ ਨਰਾਜ਼ ਹਨ। ਆਉਣ ਵਾਲੇ ਸਮੇਂ ਵਿੱਚ ਇਸ ਪਾਰਟੀ ਦੀ ਹੋਂਦ ਖ਼ਤਮ ਹੋ ਜਾਵੇਗੀ। 'ਆਪ' ਸਰਕਾਰ ਦੇ ਸ਼ਾਸਨ 'ਚ ਸੂਬੇ 'ਚ ਲੁੱਟ-ਖੋਹ, ਚੋਰੀ, ਡਕੈਤੀ ਅਤੇ ਕਤਲ ਵਰਗੀਆਂ ਅਪਰਾਧਿਕ ਘਟਨਾਵਾਂ ਦਾ ਬੋਲਬਾਲਾ ਹੈ। ਲੋਕਾਂ ਦੀ ਜਾਨ-ਮਾਲ ਦੀ ਰਾਖੀ ਦੇ ਉਨ੍ਹਾਂ ਦੇ ਦਾਅਵੇ ਖੋਖਲੇ ਸਾਬਤ ਹੋਏ ਹਨ। ਉਨ੍ਹਾਂ ਕਿਹਾ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਮੁੜ ਸੱਤਾ ਵਿੱਚ ਆਵੇਗੀ। ਇਸ ਮੌਕੇ ਲਖਵਿੰਦਰ ਸਿੰਘ, ਅਵਤਾਰ ਸਿੰਘ, ਗੁਰਨਾਮ ਸਿੰਘ ਸਾਬਕਾ ਸਰਪੰਚ, ਜੋਗਾ ਸਿੰਘ, ਕੁਲਦੀਪ ਸਿੰਘ, ਗੁਰਨਾਮ ਸਿੰਘ, ਸੁਰਜੀਤ ਸਿੰਘ, ਜੈਸਮ ਮਸੀਹ, ਬਲਦੇਵ ਮਸੀਹ, ਰੋਬਨ ਮਸੀਹ, ਹਰਬੰਸ ਕੌਰ, ਕਮਲਜੀਤ ਕੌਰ, ਮਕਬੂਲ ਮਸੀਹ, ਹਰਜੀਤ ਕੌਰ, ਹਰਜੀਤ ਸਿੰਘ ਆਦਿ ਸ਼ਾਮਿਲ ਹੋਏ। ਇਸ ਮੌਕੇ ਸੰਪੂਰਨ ਸਿੰਘ ਛਿੰਦਾ, ਗੁਲਜ਼ਾਰ, ਬਚਨ ਸਿੰਘ, ਕੁਲਬੀਰ ਸਿੰਘ, ਰਾਜਵਿੰਦਰ ਕੌਰ, ਸੁੱਚਾ ਸਿੰਘ ਫੌਜੀ, ਕਮਲਜੀਤ ਕੌਰ, ਸੁਰਜੀਤ ਸਿੰਘ, ਯੂਨਸ ਮਸੀਹ ਸਾਬਕਾ ਪੰਚ, ਸਾਬਾ ਮਸੀਹ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰ ਸਕੀ

3-NOV-PAGE-4.qxd 11/2/2024 10:22 PM Page 1

ਜੀ ਬੀ ਇੰਟਰਨੈਸ਼ਨਲ ਸਕੂਲ ਵਿਖੇ ਮਨਾਈ ਈਕੋ ਫਰੈਂਡਲੀ ਦੀਵਾਲੀ

ਨਾਭਾ (ਵਰਿੰਦਰ ਵਰਮਾ)-ਜੀ ਬੀ ਇੰਟਰਨੈਸ਼ਨਲ ਸਕੂਲ ਨਾਭਾ ਵਿਖੇ ਸਕੂਲ ਦੇ ਚੇਅਰਮੈਨ ਸੰਦੀਪ ਬਾਂਸਲ ਤੇ ਅੰਸ਼ੂ ਬਾਂਸਲ ਦੀ ਅਗਵਾਈ ਹੇਠ ਦਿਵਾਲੀ ਦਾ ਤਿਉਹਾਰ ਮਨਾਇਆ ਗਿਆ।ਇਸ ਮੌਕੇ ਪ੍ਰੋਗਰਾਮ ਦੀ ਸ਼ੁਰੂਆਤ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਨਾਲ ਹੋਈ, ਜਿਸ ਵਿੱਚ ਵਿਦਿਆਰਥੀਆਂ ਨੇ ਪੂਰੇ ਭਾਰਤ ਵਿੱਚ ਦਿਵਾਲੀ ਦੇ ਤਿਉਹਾਰ ਨੂੰ ਮਨਾਏ ਜਾਣ ਵਾਲੇ ਵੱਖ-ਵੱਖ ਤਰੀਕਿਆਂ ਬਾਰੇ ਇੱਕ ਦਿਲਚਸਪ 'ਟਾਕ ਸ਼ੋਅ' ਪੇਸ਼ ਕੀਤਾ।ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਕਲਾਸਰੂਮ ਡੈਕੋਰੇਸ਼ਨ, ਦੀਆ ਪੇਂਟਿੰਗ, ਕਾਰਡ ਮੇਕਿੰਗ, ਲੈਟਰਨ ਮੇਕਿੰਗ, ਪਿਗੀ ਬੈਂਕ ਮੇਕਿੰਗ, ਰੰਗੋਲੀ ਵਿਦ ਪੇਪਰ ਕਟਿੰਗ, ਤੋਰਨ ਮੇਕਿੰਗ ਵਰਗੀਆਂ ਵੱਖ-ਵੱਖ ਗਤੀਵਿਧੀਆਂ 'ਚ ਉਤਸ਼ਾਹ ਨਾਲ ਭਾਗ ਲਿਆ।ਇਸ ਦੌਰਾਨ ਵਿਦਿਆਰਥੀਆਂ ਨੇ ਈਕੋ ਫ੍ਰੈਂਡਲੀ ਰੰਗੋਲੀ ਬਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਪ੍ਰੋਗਰਾਮ ਦੀ ਸਭ ਤੋਂ ਖਾਸ ਗੱਲ ਇਹ ਸੀ ਕਿ ਵਿਦਿਆਰਥੀਆਂ ਨੇ ਫਾਲਤੂ ਸਾਮਾਨ ਦੀ ਵਰਤੋਂ ਕਰਕੇ ਈਕੋ ਫਰੈਂਡਲੀ ਤੇ ਪ੍ਰਦੂਸ਼ਣ ਮੁਕਤ ਦਿਵਾਲੀ ਦਾ ਤਿਉਹਾਰ ਮਨਾਉਣ ਦਾ ਸੰਕਲਪ ਲਿਆ।ਸਕੂਲ ਨਿਰਦੇਸ਼ਕ ਪ੍ਰਥਮ ਬਾਂਸਲ ਨੇ ਸਕੂਲ ਦੇ ਹਰ ਮੈਂਬਰ ਨੂੰ ਦਿਵਾਲੀ ਦੀ ਵਧਾਈ ਦਿੱਤੀ।ਸਕੂਲ ਦੀ ਪ੍ਰਿੰਸੀਪਲ ਪੂਨਮ ਰਾਣੀ ਨੇ ਸਕੂਲ ਦੇ ਹਰ ਮੈਂਬਰ ਨੂੰ ਦਿਵਾਲੀ ਦੀ ਵਧਾਈ ਦਿੰਦਿਆਂ ਕਿਹਾ ਕਿ ਭਾਵੇਂ ਅਸੀਂ ਦਿਵਾਲੀ ਵਾਲੇ ਦਿਨ ਆਪਣੇ ਘਰ ਤੇ ਵਿਹੜੇ ਦੀ ਸਫ਼ਾਈ ਕਰਦੇ ਹਾਂ, ਪਰ ਅਸੀਂ ਆਪਣੇ ਮਨ ਤੇ ਬੁੱਧੀ ਨੂੰ ਸਾਫ਼ ਨਹੀਂ ਕਰਦੇ।ਆਤਮ-ਗਿਆਨ ਤਦ ਹੀ ਪ੍ਰਾਪਤ ਹੁੰਦਾ ਹੈ, ਜਦੋਂ ਮਨ ਤੇ ਬੁੱਧੀ ਸਾਫ਼ ਹੋਵੇ।ਸਕੂਲ ਦੇ ਵਾਈਸ ਪ੍ਰਿੰਸੀਪਲ ਦਿਵਿਆ ਸ਼ਰਮਾ ਨੇ ਸਮੂਹ ਵਿਦਿਆਰਥੀਆਂ ਨੂੰ ਦਿਵਾਲੀ ਸਾਵਧਾਨੀ ਨਾਲ ਮਨਾਉਣ ਲਈ ਪ੍ਰੇਰਿਤ ਕੀਤਾ।

ਗੁਰੂ ਨਾਨਕ ਨੈਸ਼ਨਲ ਕਾਲਜ 'ਚ ਆਯੁਰਵੇਦ ਤੇ ਏਕਤਾ ਦਿਵਸ ਮਨਾਇਆ

ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਐੱਨ. ਸੀ. ਸੀ. ਤੇ ਐੱਨ.ਐੱਸ.ਐੱਸ. ਯੂਨਿਟਾਂ ਵੱਲੋਂ ਸਾਂਝੇ ਤੌਰ 'ਤੇ ਰਾਸ਼ਟਰੀ ਆਯੁਰਵੇਦ ਤੇ ਏਕਤਾ ਦਿਵਸ ਮਨਾਇਆ ਗਿਆ।ਇਹ ਜਾਣਕਾਰੀ ਦਿੰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ 19 ਪੰਜਾਬ ਬਟਾਲੀਅਨ ਦੇ ਕਮਾਂਡਿੰਗ ਅਫਸਰ ਕਰਨਲ ਪ੍ਰਵੀਨ ਧੀਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰ. ਵੱਲਭ ਭਾਈ ਪਟੇਲ ਦੇ ਜਨਮ-ਦਿਨ ਨੂੰ ਸਮਰਪਤ ਰਾਸ਼ਟਰੀ ਏਕਤਾ ਦਿਵਸ ਤੇ 28 ਅਕਤੂਬਰ ਤੋਂ 3 ਨਵੰਬਰ ਤੱਕ ਸਤਰਕਤਾ ਜਾਗਰੂਕਤਾ ਹਫ਼ਤੇ ਵਜੋਂ ਮਨਾਉਂਦਿਆਂ ਦੇਸ਼ ਦੀ ਏਕਤਾ, ਅਖੰਡਤਾ ਤੇ ਸੁਰੱਖਿਆ ਲਈ ਦੇਸ਼ ਦੀ ਪ੍ਰਸ਼ਾਸਨਕ ਵਿਵਸਥਾ ਵਿੱਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੇ ਮੰਤਵ ਨਾਲ਼ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਸਮੂਹਕ ਰੂਪ ਵਿੱਚ ਸਹੁੰ ਚੁੱਕੀ।ਇਸ ਮੌਕੇ ਇਤਿਹਾਸ ਵਿਭਾਗ ਦੇ ਮੁਖੀ ਲੈਫ਼ਟੀਨੈਂਟ ਪ੍ਰੋ. ਸਨਦੀਪ ਸਿੰਘ ਹੁੰਦਲ (ਏ ਐੱਨ ਓ) ਨੇ ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ ਦਿਵਸ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਅਤੇ ਦੇਸ਼ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।ਸਤਰਕਤਾ ਜਾਗਰੂਕਤਾ ਹਫ਼ਤੇ ਅਧੀਨ ਰਾਸ਼ਟਰੀ ਆਯੁਰਵੇਦ ਦਿਵਸ ਮਨਾਉਂਦਿਆਂ ਕੁਲਵੰਤ ਸਿੰਘ (ਅਸਿਸਟੈਂਟ ਲਾਇਬ੍ਰੇਰੀਅਨ) ਤੇ ਜਰਨੈਲ ਸਿੰਘ (ਲਾਇਬ੍ਰੇਰੀਅਨ ਰਿਸਟੋਰਰ) ਨੇ ਵਿਦਿਆਰਥੀਆਂ ਨੂੰ ਘਰੇਲੂ ਅਯੁਰਵੈਦਿਕ ਨੁਕਤਿਆਂ ਤੇ ਉਨ੍ਹਾਂ ਦੀ ਵਰਤੋਂ ਬਾਰੇ ਜਾਗਰੂਕ ਕੀਤਾ। ਕੈਡਿਟ ਪਲਕ ਸ਼ਰਮਾ ਤੇ ਕੈਡਿਟ ਸਿਮਰਨਜੋਤ ਕੌਰ ਨੇ ਸ੍ਰ. ਵੱਲਭ ਭਾਈ ਪਟੇਲ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ।ਇਸ ਗਤੀਵਿਧੀ ਦੇ ਸਫਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

ਸ਼ਿਵ ਸ਼ੰਕਰ ਸੇਵਾ ਯੂਥ ਦਲ ਵੱਲੋਂ ਗਊਸ਼ਾਲਾ ਲਈ ਹਰੇ ਚਾਰੇ ਦੀ ਸੇਵਾ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਦੀਵਾਲੀ ਮੌਕੇ ਗਾਜ਼ੀਪੁਰ ਗਊਸ਼ਾਲਾ ਵਿਖੇ ਇੱਕ ਟਰਾਲੀ ਹਰੇ ਚਾਰੇ ਦੀ ਸੇਵਾ ਕੀਤੀ ਗਈ।ਪਿਛਲੇ ਸਾਲ ਵੀ ਸੰਸਥਾ ਵੱਲੋਂ ਗਾਜ਼ੀਪੁਰ ਗਊਸ਼ਾਲਾ ਵਿਖੇ ਦੋ ਖੁਰਲੀਆਂ ਬਣਵਾਈਆਂ ਗਈਆਂ ਸਨ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪ੍ਰਦੀਪ ਗੋਇਲ ਮੀਕਾ ਵੀ ਪਹੁੰਚੇ।ਇਸ ਮੌਕੇ ਸੰਸਥਾ ਦੇ ਪ੍ਰਧਾਨ ਰਮਨ ਮਹਿੰਦਰਾ ਨੇ ਕਿਹਾ ਕਿ ਆਉਣ ਵਾਲੀ 24 ਨਵੰਬਰ ਨੂੰ ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ 2 ਜ਼ਰੂਰਤਮੰਦ ਲੜਕੀਆਂ ਦਾ ਵਿਆਹ ਵੀ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਕਮਲ ਸ਼ਰਮਾ, ਹੈਪੀ ਸ਼ਰਮਾ, ਸਨੀ, ਹਰਜਿੰਦਰ ਜਵੰਧਾ ਪੋਪਲੀ, ਮਨੋਜ ਰਹੇਜਾ, ਸਨੀ ਬੱਬਰ, ਸਾਹਿਲ ਭਟਨਾਗਰ ਆਦਿ ਮੌਜੂਦ ਸਨ।

ਹੋਲੀ ਹਾਰਟ ਸਕੂਲ 'ਚ ਦੀਵਾਲੀ ਦਾ ਤਿਉਹਾਰ ਮਨਾਇਆ

ਅਜੀਤਵਾਲ (ਨਛੱਤਰ ਸੰਧੂ)-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਧੂਮ-ਧਾਮ ਨਾਲ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ, ਜਿਸ ਦਾ ਆਦੇਸ਼ ਬੱਚਿਆਂ ਵਿੱਚ ਤਿਉਹਾਰਾਂ ਨੂੰ ਆਪਸੀ ਪਿਆਰ ਦੇ ਨਾਲ ਮਨਾਉਣ ਦੀ ਭਾਵਨਾ ਪੈਦਾ ਕਰਨਾ ਹੈ।ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੇ ਦੀਵਾਲੀ ਦੇ ਤਿਉਹਾਰ ਬਾਰੇ ਅਲੱਗ-ਅਲੱਗ ਸਪੀਚ ਬੋਲੀਆਂ।ਇਸ ਤੋਂ ਇਲਾਵਾ ਵਿਦਿਆਰਥਣਾਂ ਵੱਲੋਂ ਇੰਟਰ ਹਾਊਸ ਰੰਗੋਲੀ ਪ੍ਰਤੀਯੋਗਤਾ ਵੀ ਕੀਤੀ ਗਈ, ਜਿਸ ਵਿੱਚ ਵਿਦਿਆਰਥਣਾਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ।ਬੱਚਿਆਂ ਨੇ ਬੜੀ ਹੀ ਮਿਹਨਤ ਤੇ ਲਗਨ ਨਾਲ ਖੂਬਸੂਰਤ ਰੰਗੋਲੀਆਂ ਬਣਾਈਆਂ।ਬੱਚਿਆਂ ਦੁਆਰਾ ਬਣਾਈਆਂ ਗਈਆਂ ਰੰਗੋਲੀਆਂ ਨੇ ਸਭ ਦਾ ਮਨ ਮੋਹ ਲਿਆ।ਬੱਚਿਆਂ ਦੁਆਰਾ ਆਪਣੀਆਂ ਆਪਣੀਆਂ ਕਲਾਸਾਂ ਨੂੰ ਵੀ ਸਜਾਇਆ ਗਿਆ।ਸਾਰਾ ਸਕੂਲ ਦੁਲਹਨ ਦੀ ਤਰ੍ਹਾਂ ਸਜਾਇਆ ਗਿਆ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੀਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਵਿਦਿਆਰਥੀਆਂ ਦੁਆਰਾ ਬਣਾਈਆਂ ਗਈਆਂ।ਰੰਗੋਲੀਆਂ ਦੀ ਪ੍ਰਸ਼ੰਸਾ ਕਰਕੇ ਉਨ੍ਹਾਂ ਦਾ ਉਤਸ਼ਾਹ ਵਧਾਇਆ ਅਤੇ ਰਲ ਮਿਲ ਕੇ ਪਿਆਰ ਨਾਲ ਦੀਵਾਲੀ ਨੂੰ ਮਨਾਉਣ ਦੀ ਪ੍ਰੇਰਣਾ ਦਿੱਤੀ ਤੇ ਸਾਰਿਆਂ ਨੂੰ ਦੀਵਾਲੀ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਸਕੂਲ ਸਟਾਫ ਹਾਜ਼ਰ ਸੀ।

ਟੈਗੋਰ ਵਿਦਿਆਲਿਆ ਵਿਖੇ ਦੀਵਾਲੀ ਦਾ ਤਿਉਹਾਰ ਮਨਾਇਆ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਲੌਂਗੋਵਾਲ ਵਿਖੇ ਦੀਵਾਲੀ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਦੀਵਾ ਮੇਕਿੰਗ, ਰੰਗੋਲੀ, ਕਾਰਡ ਮੇਕਿੰਗ ਕੰਪੀਟੀਸ਼ਨ ਕਰਵਾਇਆ ਗਿਆ, ਜਿਸ ਵਿੱਚ ਸਕੂਲ ਦੀਆਂ ਸਾਰੀਆਂ ਕਲਾਸਾਂ ਦੇ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਹਿੱਸਾ ਲਿਆ।ਅਲੱਗ-ਅਲੱਗ ਕਲਾਸਾਂ ਵਿੱਚੋਂ ਅਲੱਗ-ਅਲੱਗ ਬੱਚਿਆਂ ਨੇ ਦੀਵੇ, ਰੰਗੋਲੀ ਤੇ ਕਾਰਡ ਬਣਾਏ ਅਤੇ ਇਸ ਸਮੇਂ ਸਕੂਲ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ, ਜਤਿੰਦਰ ਗਿਸ਼ੀ ਤੇ ਸਕੂਲ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਵੱਲੋਂ ਬੱਚਿਆਂ ਦੀਆਂ ਪੁਜ਼ੀਸ਼ਨਾਂ ਕੱਢੀਆਂ ਗਈਆਂ।ਇਸ ਸਮੇਂ ਮੈਨੇਜਮੈਂਟ ਮੈਂਬਰ ਤੇ ਪ੍ਰਿੰਸੀਪਲ ਮੈਡਮ ਵੱਲੋਂ ਅਧਿਆਪਕਾਂ ਅਤੇ ਬੱਚਿਆਂ ਨੂੰ ਦੀਵਾਲੀ ਦੀਆਂ ਵਧਾਈਆਂ ਦਿੱਤੀਆਂ ਗਈਆਂ।

ਵਿਜੀਲੈਂਸ ਬਿਊਰੋ ਵੱਲੋਂ ਭਲਾਈਆਣਾ 'ਚ ਜਾਗਰੂਕਤਾ ਕੈਂਪ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਪ੍ਰਤੀ ਲੋਕਾਂ ਨੂੰ ਸੁਚੇਤ ਕਰਨ ਲਈ ਪਿੰਡ ਭਲਾਈਆਣਾ ਵਿਖੇ ਜਾਗਰੂਕਤਾ ਕੈਂਪ ਲਾਇਆ ਗਿਆ।ਇਸ ਕੈਂਪ ਵਿੱਚ ਵਿਜੀਲੈਂਸ ਬਿਊਰੋ ਦੇ ਸਬ ਇੰਸਪੈਕਟਰ ਇਕਬਾਲ ਸਿੰਘ ਤੇ ਮੁੱਖ ਮੁਨਸ਼ੀ ਗੁਰਤੇਜ ਸਿੰਘ ਨੇ ਦੱਸਿਆ ਕਿ ਵਿਭਾਗ ਵੱਲੋਂ 3 ਨਵੰਬਰ 2024 ਤੱਕ ਭ੍ਰਿਸ਼ਟਾਚਾਰ ਵਿਰੋਧੀ ਜਾਗਰੂਕਤਾ ਹਫਤਾ ਮਨਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਜੇਕਰ ਕੋਈ ਵਿਅਕਤੀ ਸਰਕਾਰੀ ਕੰਮ ਕਰਵਾਉਣ ਬਦਲੇ ਕੋਈ ਰਿਸ਼ਵਤ ਦੀ ਮੰਗ ਕਰਦਾ ਹੈ ਜਾਂ ਰਿਸ਼ਵਤ ਦੇ ਨਾਮ 'ਤੇ ਨਜਾਇਜ਼ ਤੰਗ ਪ੍ਰੇਸ਼ਾਨ ਕਰ ਰਿਹਾ ਹੈ, ਉਸ ਦੀ ਗੁਪਤ ਸੂਚਨਾ ਵਿਜੀਲੈਂਸ ਬਿਊਰੋ ਨੂੰ ਜ਼ਰੂਰ ਦਿੱਤੀ ਜਾਵੇ ਤਾਂ ਜੋ ਰਿਸ਼ਵਤਖੋਰੀ 'ਤੇ ਨਕੇਲ ਕੱਸੀ ਜਾ ਸਕੇ।ਇਸ ਮੌਕੇ ਪਤਵੰਤੇ ਵਿਅਕਤੀ ਵੀ ਮੌਜੂਦ ਸਨ।

ਐੱਸ ਆਰ ਐੱਸ ਵਿੱਦਿਆਪੀਠ ਵਿਖੇ ਮਨਾਇਆ ਦੀਵਾਲੀ ਦਾ ਤਿਉਹਾਰ

ਸਮਾਣਾ (ਇਕਬਾਲ ਸਿੰਘ ਬੱਲ)-ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਸਕੂਲ ਮੈਨੇਜਮੈਂਟ ਵੱਲੋਂ ਸਾਰੇ ਸਟਾਫ ਮੈਂਬਰਾਂ ਨਾਲ ਦੀਵਾਲੀ ਦਾ ਤਿਉਹਾਰ ਬਹੁਤ ਹੀ ਚਾਅ ਤੇ ਉਤਸ਼ਾਹ ਨਾਲ਼ ਮਨਾਇਆ ਗਿਆ।ਸਮੂਹ ਸਟਾਫ਼ ਮੈਂਬਰਾਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਖੇਡ ਗਤੀਵਿਧੀਆਂ ਵਿੱਚ ਵੀ ਹਿੱਸਾ ਲਿਆ ਗਿਆ।ਸਾਰਿਆਂ ਨੇ ਇਸ ਦਿਨ ਦਾ ਬਹੁਤ ਆਨੰਦ ਮਾਣਿਆ।ਸਕੂਲ ਮੈਨੇਜਮੈਂਟ ਵੱਲੋਂ ਸਾਰੇ ਸਟਾਫ ਮੈਂਬਰਾਂ ਨੂੰ ਦੀਵਾਲੀ ਦੇ ਤੋਹਫ਼ੇ ਦਿੱਤੇ ਗਏ ਤੇ ਉਨ੍ਹਾਂ ਲਈ ਵਿਸ਼ੇਸ਼ ਖਾਣ-ਪੀਣ ਦਾ ਪ੍ਰਬੰਧ ਵੀ ਕੀਤਾ ਗਿਆ।ਇਸ ਮੌਕੇ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ, ਵਾਈਸ ਚੇਅਰਮੈਨ ਸਮਿਧਾ ਸਿੰਗਲਾ, ਚੇਅਰਮੈਨ ਅਮਿਤ ਸਿੰਗਲਾ ਤੇ ਸੈਕਟਰੀ ਲਲਿਤ ਸਿੰਗਲਾ ਨੇ ਸਮੂਹ ਸਟਾਫ਼ ਮੈਂਬਰਾਂ ਨੂੰ ਅਤੇ ਉਨ੍ਹਾਂ ਦੇ ਸਾਰੇ ਪਰਵਾਰ ਨੂੰ ਦੀਵਾਲੀ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

ਮੁਲਾਜ਼ਮ ਤੇ ਪੈਨਸ਼ਨਰ ਚੱਬੇਵਾਲ 'ਚ ਅੱਜ ਕਰਨਗੇ ਸਰਕਾਰ ਦਾ ਪਿੱਟ-ਸਿਆਪਾ

ਲੁਧਿਆਣਾ (ਐੱਮ ਐੱਸ ਭਾਟੀਆ)-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਸੱਦੇ 'ਤੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਨ ਲਈ ਲੁਧਿਆਣੇ ਤੋਂ ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਵੱਲੋਂ ਸਿਟੀ ਈਸਟ ਸਰਕਲ ਤੇ ਸਿਟੀ ਵੈਸਟ ਸਰਕਲ ਆਪਣੇ ਸਾਥੀਆਂ ਨਾਲ ਚੱਬੇਵਾਲ ਜ਼ਿਮਨੀ ਚੋਣਾਂ ਵਿੱਚ 3 ਨਵੰਬਰ ਨੂੰ ਆਮ ਆਦਮੀ ਪਾਰਟੀ ਦੇ ਕੈਂਡੀਡੇਟ ਦਾ ਵਿਰੋਧ ਕਰਨ ਤੇ ਝੰਡਾ ਮਾਰਚ ਕੀਤਾ ਜਾਵੇਗਾ।ਪੰਜਾਬ ਸਰਕਾਰ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ 15% ਡੀ ਏ, ਸਾਢੇ ਪੰਜ ਸਾਲ ਦਾ ਏਰੀਅਰ, 2.59 ਨਾਲ ਸਕੇਲਾਂ ਦੀ ਸੁਧਾਈ ਦਾ ਮਸਲਾ ਹੈ।ਇਸ ਦਿਵਾਲੀ ਮੌਕੇ ਹਰਿਆਣਾ ਸਰਕਾਰ, ਹਿਮਾਚਲ ਸਰਕਾਰ, ਅਸਾਮ ਸਰਕਾਰ ਤੇ ਸੈਂਟਰ ਸਰਕਾਰ ਨੇ ਆਪਣੇ ਮੁਲਾਜ਼ਮਾਂ/ਪੈਨਸ਼ਨਰਾਂ ਨੂੰ ਦਿਵਾਲੀ ਦੇ ਮੌਕੇ ਡੀ ਏ ਦੀਆਂ ਕਿਸ਼ਤਾਂ ਦੇ ਦਿੱਤੀਆਂ ਹਨ, ਪਰ ਪੰਜਾਬ ਸਰਕਾਰ ਹਾਲੇ ਵੀ 53% ਦੀ ਬਜਾਏ 42% ਤੇ ਖੜੀ ਹੈ।ਲੁਧਿਆਣੇ ਤੋਂ ਸਾਥੀ ਕੇਵਲ ਸਿੰਘ ਬਨਵੈਤ ਮੀਤ ਪ੍ਰਧਾਨ ਪੰਜਾਬ ਤੇ ਸਾਥੀ ਚਮਕੌਰ ਸਿੰਘ ਸੀਨੀਅਰ ਮੀਤ ਪ੍ਰਧਾਨ ਦੀ ਅਗਵਾਈ ਹੇਠ ਆਪਣੇ ਸਾਥੀਆਂ ਨਾਲ 3 ਨਵੰਬਰ ਐਤਵਾਰ ਨੂੰ ਚੱਬੇਵਾਲ ਜਾ ਰਹੇ ਹਨ।ਸਿਟੀ ਈਸਟ ਸਰਕਲ ਲੁਧਿਆਣਾ ਦੇ ਸਾਥੀਆਂ ਨੂੰ ਲਿਜਾਣ ਵਾਸਤੇ ਬੱਸ ਚੀਮਾਂ ਚੌਕ ਤੋਂ ਸਵੇਰੇ 9 ਵਜੇ ਚੱਲੇਗੀ ਤੇ 9.15 'ਤੇ ਸੁੰਦਰ ਨਗਰ ਡਵੀਜ਼ਨ ਆਵੇਗੀ।ਜਾਣ ਵਾਲੇ ਸਾਥੀ ਉਪਰ ਲਿਖੀਆਂ ਥਾਵਾਂ ਤੋਂ ਬੱਸ ਲੈ ਲੈਣ।ਕੇਵਲ ਸਿੰਘ ਬਨਵੈਤ ਮੀਤ ਪ੍ਰਧਾਨ ਪੰਜਾਬ ਵੱਲੋਂ ਸਾਰੇ ਸਾਥੀਆਂ ਨੂੰ ਸਮੇਂ ਸਿਰ ਪਹੁੰਚਣ ਦੀ ਬੇਨਤੀ ਕੀਤੀ ਗਈ ਹੈ।

ਅੱਕੇ ਕਿਸਾਨਾਂ ਵੱਲੋਂ ਮਾਂਗੇਵਾਲ ਮੰਡੀ 'ਚ ਖਰੀਦ ਅਧਿਕਾਰੀਆਂ ਦਾ ਘਿਰਾਓ

■ ਚੁਕਾਈ ਦਾ ਬੁਰਾ ਹਾਲ, ਲੋਕਾਂ ਨੂੰ ਨਹੀਂ ਮਿਲ ਰਹੀ ਫ਼ਸਲ ਸੁੱਟਣ ਲਈ ਥਾਂ ■ ਜੇਕਰ ਮਸਲੇ ਦਾ ਤੁਰੰਤ ਹੱਲ ਨਾ ਹੋਇਆ ਤਾਂ ਉਲੀਕਿਆ ਜਾਵੇਗਾ ਵੱਡਾ ਐਕਸ਼ਨ : ਪੀੜਤ ਕਿਸਾਨ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਖਰੀਦ ਕੇਂਦਰ ਮਾਂਗੇਵਾਲ (ਬਰਨਾਲਾ) ਵਿਖੇ ਬੀਤੇ 20-20 ਦਿਨਾਂ ਤੋਂ ਬੈਠੇ ਕਿਸਾਨਾਂ ਦੀ ਫਸਲ ਨਾ ਖਰੀਦਣ ਤੇ ਚੁਕਾਈ ਦਾ ਕੋਈ ਠੋਸ ਪ੍ਰਬੰਧ ਨਾ ਕੀਤੇ ਜਾਣ ਤੋਂ ਅੱਕੇ ਕਿਸਾਨਾਂ ਨੇ ਅੱਜ ਇੰਸਪੈਕਟਰ ਵੇਅਰ ਹਾਊਸ ਅਤੇ ਮਾਰਕੀਟ ਕਮੇਟੀ ਦੇ ਮੁਲਾਜ਼ਮਾਂ ਦਾ ਘਿਰਾਓ ਕਰਕੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।ਪੀੜਤ ਕਿਸਾਨਾਂ ਨੇ ਦੱਸਿਆ ਕਿ ਇਹ ਖਰੀਦ ਕੇਂਦਰ ਸਰਕਾਰ ਦੇ ਕਾਗਜ਼ਾਂ ਵਿੱਚ ਭਾਵੇਂ ਇੱਕ ਅਕਤੂਬਰ ਤੋਂ ਚੱਲ ਰਿਹਾ ਹੈ, ਪਰ ਇੱਕ ਮਹੀਨੇ ਦਾ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਖਰੀਦ ਕੇਂਦਰ ਮਾਂਗੇ

3-NOV-PAGE-5.qxd 11/2/2024 10:23 PM Page 1

ਅਰਬਨ ਅਸਟੇਟ ਦੀਆਂ ਸੜਕਾਂ 'ਤੇ ਲੱਗੇ ਗੰਦਗੀ ਦੇ ਢੇਰਾਂ ਕਾਰਨ ਲੋਕ ਪ੍ਰੇਸ਼ਾਨ

ਕਾਗ਼ਜ਼ਾਂ 'ਚ ਹੀ ਹੋ ਰਹੀ ਹੈ ਪੁੱਡਾ ਠੇਕੇਦਾਰਾਂ ਵੱਲੋਂ ਸਫ਼ਾਈ, ਸੜਕਾਂ ਨੂੰ ਬਣਾਇਆ ਗੰਦਗੀ ਦਾ ਡੰਪ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਦੀਵਾਲੀ ਦੇ ਤਿਉਹਾਰ ਨੂੰ ਲੈ ਕੇ ਜਿੱਥੇ ਲੋਕ ਆਪਣੇ ਆਲੇ-ਦੁਆਲੇ ਤੇ ਘਰਾਂ ਦੀ ਸਫ਼ਾਈ ਕਰਨ ਵਿੱਚ ਰੁੱਝੇ ਹੋਏ ਸਨ, ਉੱਥੇ ਅਰਬਨ ਅਸਟੇਟ ਫੇਜ਼-2, 1 ਤੇ 3 ਦੀਆਂ ਪ੍ਰਮੁੱਖ ਸੜਕਾਂ ਤੇ ਥਾਵਾਂ 'ਤੇ ਲੱਗੇ ਗੰਦਗੀ ਦੇ ਢੇਰਾਂ ਕਾਰਨ ਅਰਬਨ ਅਸਟੇਟ ਦੇ ਵਾਸੀ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ, ਪ੍ਰੰਤੂ ਸਫ਼ਾਈ ਨਾਲ ਸੰਬੰਧਤ ਪੁੱਡਾ ਅਧਿਕਾਰੀ ਤੇ ਠੇਕੇਦਾਰ ਕੁੰਭਕਰਨੀ ਨੀਂਦ ਸੁੱਤੇ ਪਏ ਹਨ।ਜ਼ਿਆਦਾਤਰ ਸਫ਼ਾਈ ਦਾ ਕੰਮ ਕਾਗਜ਼ਾਂ ਵਿੱਚ ਹੀ ਹੋ ਰਿਹਾ ਹੈ, ਪ੍ਰੰਤੂ ਇਸ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਜਾ ਰਿਹਾ।ਅਰਬਨ ਅਸਟੇਟ ਫੇਜ਼-2 ਦੇ ਬਾਹਰੋ-ਬਾਹਰ ਸਾਧੂ ਬੇਲਾ ਦੇ ਨਾਲ-ਨਾਲ ਜੋ ਫਿਰਨੀ ਵਾਲੀ ਸੜਕ ਲੰਘਦੀ ਹੈ, ਉਸ ਸੜਕ 'ਤੇ ਜੋ ਪਾਰਕ ਲੋਕਾਂ ਦੀ ਸੈਰ ਤੇ ਬੱਚਿਆਂ ਦੇ ਖੇਡਣ ਲਈ ਬਣਾਏ ਗਏ ਹਨ, ਪਾਰਕਾਂ ਦੇ ਬਾਹਰ ਪਾਰਕਾਂ ਦੇ ਨਾਲ਼ ਨਾਲ਼ ਲੰਘਦੀ ਸੜਕ ਨੂੰ ਕੂੜੇ, ਕੂੜਾ ਕਰਕਟ ਤੇ ਗੰਦਗੀ ਦੇ ਢੇਰ ਲਗਾ ਕੇ ਉਸ ਨੂੰ ਗੰਦਗੀ ਦਾ ਡੰਪ ਬਣਾਇਆ ਜਾ ਰਿਹਾ ਹੈ, ਜਿਸ ਕਾਰਨ ਅਰਬਨ ਅਸਟੇਟ ਇਲਾਕੇ ਵਿੱਚ ਗੰਦਗੀ ਕਾਰਨ ਬਿਮਾਰੀਆਂ ਫੈਲਣ ਦਾ ਵੱਡਾ ਖਤਰਾ ਬਣ ਗਿਆ ਹੈ।ਫੇਜ਼-2 ਦੀ ਇਸ ਸੜਕ ਦੇ ਨਾਲ-ਨਾਲ ਜੋ ਪਾਰਕ ਹਨ, ਉਨ੍ਹਾਂ ਦੀ ਸਾਫ਼ ਸਫ਼ਾਈ ਕਰਨ ਉਪਰੰਤ ਸਾਰਾ ਮਲਬਾ ਇਸ ਸੜਕ ਕਿਨਾਰੇ ਸੁੱਟਿਆ ਜਾ ਰਿਹਾ ਹੈ, ਪ੍ਰੰਤੂ ਪੁੱਡਾ ਅਧਿਕਾਰੀ ਤੇ ਠੇਕੇਦਾਰ ਕੁੰਭਕਰਨੀ ਨੀਂਦ ਸੁੱਤੇ ਪਏ ਹਨ।ਪੁੱਡਾ ਅਧਿਕਾਰੀ ਇਸ ਮਲਬੇ ਨੂੰ ਕਿਸੇ ਉਚਤ ਥਾਂ 'ਤੇ ਠਿਕਾਣੇ ਨਹੀਂ ਲਗਵਾ ਰਹੇ, ਜਿਸ ਕਾਰਨ ਫੈਲੀ ਗੰਦਗੀ ਬੀਮਾਰੀਆਂ ਨੂੰ ਸੱਦਾ ਦੇ ਰਹੀ ਹੈ।ਇਸ ਤੋਂ ਇਲਾਵਾ ਅਰਬਨ ਸਟੇਟ ਅੰਦਰ ਜੋ ਖਾਲੀ ਥਾਵਾਂ ਪਈਆਂ ਹਨ, ਪੁੱਡਾ ਵੱਲੋਂ ਉਨ੍ਹਾਂ ਥਾਵਾਂ ਨੂੰ ਕੂੜਾ ਕਰਕਟ ਸੁੱਟਣ ਲਈ ਤੇ ਗੰਦਗੀ ਦੇ ਡੰਪ ਵਜੋਂ ਵਰਤਿਆ ਜਾ ਰਿਹਾ ਹੈ।ਇੱਥੇ ਹੀ ਬਸ ਨਹੀਂ ਅਰਬਨ ਅਸਟੇਟ ਦੇ ਅੰਦਰ ਅਵਾਰਾ ਪਸ਼ੂਆਂ ਤੇ ਕੁੱਤਿਆਂ ਦੀ ਪੂਰੀ ਭਰਮਾਰ ਹੈ, ਪ੍ਰੰਤੂ ਪੁੱਡਾ ਅਧਿਕਾਰੀ ਇਸ ਵੱਲ ਕੋਈ ਧਿਆਨ ਨਹੀਂ ਦੇ ਰਹੇ। ਫੇਜ਼-3 ਤੇ ਫੇਜ਼-1 ਦੇ ਦਰਮਿਆਨ ਰੇਡੀਓ ਸਟੇਸ਼ਨ ਨੂੰ ਜੋ ਡਬਲ ਸੜਕ ਜਾ ਰਹੀ ਹੈ, ਉਸ ਦੀ ਸਫ਼ਾਈ ਰਾਧਾ ਸੁਆਮੀ ਡੇਰੇ ਦੇ ਪ੍ਰਬੰਧਕਾਂ ਵੱਲੋਂ ਆਪਣੇ ਪੱਧਰ 'ਤੇ ਆਪਣੀ ਹਦੂਦ ਤੱਕ ਕਰਵਾਈ ਜਾ ਰਹੀ ਹੈ, ਪ੍ਰੰਤੂ ਅੱਗੋਂ ਇਸ ਸੜਕ 'ਤੇ ਜੋ ਡਿਵਾਈਡਰ ਰੋਡ ਬਣੀ ਹੋਈ ਹੈ, ਉਸ ਦੇ ਠੇਕੇਦਾਰਾਂ ਵੱਲੋਂ ਸਫ਼ਾਈ ਕਰਨ ਉਪਰੰਤ ਕੂੜੇ ਦੇ ਢੇਰ ਉੱਥੋਂ ਚੁੱਕਣ ਦੀ ਥਾਂ ਡਿਵਾਈਡਰ ਦੇ ਨਾਲ-ਨਾਲ ਹੀ ਢੇਰੀਆਂ ਦੇ ਰੂਪ ਵਿੱਚ ਪਏ ਹਨ।ਇਸੇ ਤਰ੍ਹਾਂ ਓਵਰਬ੍ਰਿਜ ਦੇ ਨਾਲ-ਨਾਲ ਜੋ ਸੜਕ ਪਟਿਆਲਾ ਵੱਲ ਨੂੰ ਜਾ ਰਹੀ ਹੈ, ਉਸ ਦੇ ਕਿਨਾਰੇ 'ਤੇ ਗੰਦਗੀ ਦੇ ਢੇਰ ਲੱਗੇ ਪਏ ਹਨ, ਜਿਸ ਕਾਰਨ ਪੁੱਡਾ ਵੱਲੋਂ ਸਫ਼ਾਈ ਦੇ ਕੀਤੇ ਜਾ ਰਹੇ ਦਾਅਵੇ ਠੁੱਸ ਹੁੰਦੇ ਜਾਪ ਰਹੇ ਹਨ।ਅਰਬਨ ਅਸਟੇਟ ਫੇਜ਼-1 ਦੇ ਬਾਹਰੋ-ਬਾਹਰ ਅਪੋਲੋ ਸਕੂਲ ਦੇ ਨਜ਼ਦੀਕ ਜੋ ਫਿਰਨੀ ਵਾਲੀ ਸੜਕ ਜਾ ਰਹੀ ਹੈ, ਉਸ ਵਿੱਚ ਪਿਛਲੇ ਲੰਮੇ ਸਮੇਂ ਤੋਂ ਵੱਡੇ-ਵੱਡੇ ਟੋਏ ਪਏ ਹੋਏ ਹਨ, ਪ੍ਰੰਤੂ ਪੁੱਡਾ ਵੱਲੋਂ ਨਾ ਇਸ ਸੜਕ ਦੀ ਮੁਰੰਮਤ ਕਰਵਾਈ ਜਾ ਰਹੀ ਹੈ ਅਤੇ ਨਾ ਹੀ ਇਸ ਨੂੰ ਨਵੇਂ ਸਿਰੇ ਤੋਂ ਬਣਾਇਆ ਜਾ ਰਿਹਾ ਹੈ।ਇਸ ਸੜਕ ਦੇ ਕੁਝ ਟੋਏ ਤਾਂ ਪਹਿਲਾਂ ਪੁੱਡਾ ਵੱਲੋਂ ਭਰਾਏ ਗਏ ਸਨ, ਪ੍ਰੰਤੂ ਜ਼ਿਆਦਾ ਤਰ ਸੜਕ ਬਿਲਕੁਲ ਟੁੱਟੀ ਪਈ ਹੈ ਤੇ ਫੁੱਟ ਫੁੱਟ ਦੇ ਡੂੰਘੇ ਟੋਏ ਪਏ ਹਨ। ਅਰਬਨ ਅਸਟੇਟ ਵਿੱਚ ਵਿਕਾਸ ਨਾਮ ਦੀ ਕੋਈ ਚੀਜ਼ ਨਹੀਂ।ਅਰਬਨ ਅਸਟੇਟ ਵੈੱਲਫੇਅਰ ਐਸੋਸੀਏਸ਼ਨ, ਫੇਜ਼-2 ਦੇ ਚੇਅਰਮੈਨ ਮਨਜੀਤ ਸਿੰਘ ਨਾਰੰਗ ਸਾਬਕਾ ਆਈ.ਏ.ਐੱਸ, ਸਾਬਕਾ ਜ਼ਿਲ੍ਹਾ ਖੁਰਾਕ ਤੇ ਸਪਲਾਈ ਗੁਰਦੀਪ ਸਿੰਘ, ਰਾਜ ਵਹੀਕਲ ਦੇ ਚੇਅਰਮੈਨ ਬਲਵਿੰਦਰ ਸਿੰਘ ਕਰਤਾਰਪੁਰ, ਨਛੱਤਰ ਸਿੰਘ ਸਿੱਧੂ, ਰੇਸ਼ਮ ਸਿੰਘ ਸਿੱਧੂ, ਕਿਸਾਨ ਸਿੰਘ ਬਾਜਵਾ, ਡਾਕਟਰ ਯਾਦਵਿੰਦਰ ਸਿੰਘ, ਮੋਲਕ ਸਿੰਘ, ਡਾਕਟਰ ਰਵੀਕਰਨ ਸਿੰਘ, ਜਸਵਿੰਦਰ ਸਿੰਘ ਰਾਣਾ ਜ਼ਿਲ੍ਹਾ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਤੇ ਜਨਰਲ ਸਕੱਤਰ ਪੰਜਾਬ, ਫੇਜ਼-3 ਦੇ ਨਿਵਾਸੀ ਨਛੱਤਰ ਸਿੰਘ ਸਫ਼ੇੜਾ, ਸਤਨਾਮ ਸਿੰਘ ਪਟਵਾਰੀ, ਜਸਬੀਰ ਸਿੰਘ ਗਿੱਲ, ਰਾਜਿੰਦਰ ਸਿੰਘ ਬਿੰਦ, ਬਲਦੇਵ ਸਿੰਘ ਸੋਖੋਂ, ਗੁਰਸੇਵਕ ਸਿੰਘ, ਹਰਜਿੰਦਰ ਸਿੰਘ ਐਡਵੋਕੇਟ, ਚੌਧਰੀ ਕੁਲਦੀਪ ਕੁਮਾਰ, ਡਾ. ਕੁਲਵਿੰਦਰ ਸਿੰਘ ਤੇ ਹੋਰ ਬਹੁਤ ਸਾਰੇ ਨਿਵਾਸੀਆਂ ਨੇ ਪ੍ਰਸ਼ਾਸਨ ਤੋਂ ਉਪਰੋਕਤ ਥਾਵਾਂ ਦੀ ਸਾਫ਼-ਸਫ਼ਾਈ ਤੁਰੰਤ ਕਰਵਾਉਣ ਦੀ ਮੰਗ ਕੀਤੀ ਹੈ।ਇਨ੍ਹਾਂ ਨਿਵਾਸੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਪੁੱਡਾ ਨੇ ਸਮੇਂ ਸਿਰ ਅਰਬਨ ਅਸਟੇਟ ਦੇ ਤਿੰਨਾਂ ਫੇਸਾਂ ਅੰਦਰ ਸਫਾਈ ਤੇ ਸੜਕਾਂ ਦੀ ਮੁਰੰਮਤ ਨਾ ਕਰਾਈ ਤਾਂ ਪੁੱਡਾ ਖਿਲਾਫ ਧਰਨਾ ਲਗਾਉਣ ਲਈ ਮਜਬੂਰ ਹੋਣਾ ਪਵੇਗਾ। ਇਸ ਸਬੰਧੀ ਪੁੱਡਾ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਫ਼-ਸਫ਼ਾਈ ਦਾ ਕੰਮ ਠੇਕੇਦਾਰਾਂ ਨੂੰ ਸੌਂਪਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਥਾਂ 'ਤੇ ਸਫ਼ਾਈ ਦਾ ਮੰਦਾ ਹਾਲ ਪਾਇਆ ਗਿਆ ਤਾਂ ਠੇਕੇਦਾਰਾਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿਖੇ ਜਾਗਰੂਕਤਾ ਪ੍ਰੋਗਰਾਮ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਦੇ ਬਾਇਓਟੈਕਨਾਲੋਜੀ ਵਿਭਾਗ ਨੇ ਵੂਮੈਨ ਸ਼ਿਕਾਇਤ ਨਿਵਾਰਣ ਸੈੱਲ ਦੇ ਸਹਿਯੋਗ ਨਾਲ 'ਜਨ ਜਾਗਰੂਕਤਾ ਤੇ ਗਲੋਬਲ ਐਕਸ਼ਨ ਰਾਹੀਂ ਆਇਓਡੀਨ ਦੀ ਘਾਟ ਨੂੰ ਖਤਮ ਕਰਨਾ' ਵਿਸ਼ੇ 'ਤੇ ਜਾਗਰੂਕਤਾ ਪ੍ਰੋਗਰਾਮ ਕੀਤਾ।ਵਿਸ਼ਵ ਆਇਓਡੀਨ ਕਮੀ ਦਿਵਸ 2024 ਦਾ ਵਿਸ਼ਾ ਲੋਕਾਂ ਨੂੰ ਆਇਓਡੀਨ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਤੇ ਆਇਓਡੀਨ ਦੀ ਘਾਟ ਸੰਬੰਧੀ ਵਿਗਾੜਾਂ ਨੂੰ ਰੋਕਣ ਲਈ ਆਇਓਡੀਨ ਵਾਲੇ ਨਮਕ ਦੀ ਵਰਤੋਂ ਨੂੰ ਉਤਸ਼ਾਹਤ ਕਰਨ ਵਾਲੀਆਂ ਨੀਤੀਆਂ ਦੀ ਵਕਾਲਤ ਕਰਨ 'ਤੇ ਕੇਂਦਰਤ ਸੀ।ਇਵੈਂਟ ਵਿੱਚ ਵਿਦਿਆਰਥੀਆਂ ਦੁਆਰਾ ਥਾਇਰਾਇਡ ਫੰਕਸ਼ਨ ਤੇ ਵਿਕਾਸ ਵਿੱਚ ਆਇਓਡੀਨ ਦੀ ਅਹਿਮ ਭੂਮਿਕਾ ਬਾਰੇ ਪਾਵਰ ਪੁਆਇੰਟ ਪੇਸ਼ਕਾਰੀ ਦਿੱਤੀ ਗਈ। ਡਾ: ਰੁਪਿੰਦਰ ਕੌਰ, ਬਾਇਓਟੈਕਨਾਲੋਜੀ ਵਿਭਾਗ ਦੇ ਮੁਖੀ ਤੇ ਯੂਨੀਵਰਸਿਟੀ ਦੇ ਮਹਿਲਾ ਸ਼ਿਕਾਇਤ ਨਿਵਾਰਨ ਸੈੱਲ ਦੇ ਕਨਵੀਨਰ ਨੇ ਆਇਓਡੀਨ ਦੀ ਕਮੀ ਦੇ ਵਿਕਾਰ ਨੂੰ ਰੋਕਣ ਤੇ ਤੰਦਰੁਸਤੀ ਨੂੰ ਉਤਸ਼ਾਹਤ ਕਰਨ ਲਈ ਆਇਓਡੀਨ ਪੂਰਕ ਖੁਰਾਕ ਵਿਭਿੰਨਤਾ 'ਤੇ ਅਧਾਰਤ ਜਾਗਰੂਕਤਾ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਵਿਸ਼ਵ ਆਇਓਡੀਨ ਦੀ ਘਾਟ ਦਿਵਸ ਐੱਨਆਈਡੀਡੀਸੀਪੀ ਵਰਗੀਆਂ ਰਾਸ਼ਟਰੀ ਪਹਿਲਕਦਮੀਆਂ ਤੇ ਡਬਲਯੂਐੱਚਓ ਤੇ ਯੂਨੀਸੈਫ ਵੱਲੋਂ ਚਲਾਏ ਗਏ ਗਲੋਬਲ ਯਤਨਾਂ ਦੁਆਰਾ ਆਇਓਡੀਨ ਦੀ ਘਾਟ ਸੰਬੰਧੀ ਵਿਗਾੜਾਂ ਨੂੰ ਰੋਕਣ ਵਿੱਚ ਕੀਤੀ ਗਈ ਪ੍ਰਗਤੀ ਦੀ ਯਾਦ ਦਿਵਾਉਂਦਾ ਹੈ।ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਸੰਸਥਾਵਾਂ ਵੱਲੋਂ ਅਜਿਹੇ ਜਾਗਰੂਕਤਾ ਪ੍ਰੋਗਰਾਮ ਨਿਯਮਤ ਤੌਰ 'ਤੇ ਕਰਵਾਏ ਜਾਣੇ ਚਾਹੀਦੇ ਹਨ।ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਸਮਾਗਮ ਦੇ ਸਫਲ ਆਯੋਜਨ ਲਈ ਵਿਭਾਗ ਨੂੰ ਵਧਾਈ ਦਿੱਤੀ।

ਝੋਨੇ ਦੀ ਖਰੀਦ ਤੇ ਚੁਕਾਈ ਨਾ ਹੋਣ 'ਤੇ ਕਿਸਾਨਾਂ ਵੱਲੋਂ ਰੋਸ ਪ੍ਰਦਰਸ਼ਨ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਹਲਕੇ ਦੀ ਮੁੱਖ ਅਨਾਜ ਮੰਡੀ ਮਹਿਲ ਕਲਾਂ (ਬਰਨਾਲਾ) 'ਚ ਝੋਨੇ ਦੀ ਢਿੱਲੀ ਖਰੀਦ ਤੇ ਲਿਫਟਿੰਗ ਦਾ ਕੋਈ ਠੋਸ ਪ੍ਰਬੰਧ ਨਾ ਹੋਣ ਤੋਂ ਅੱਜ ਦੁਖੀ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ ਨੇ ਮਾਰਕੀਟ ਕਮੇਟੀ ਮਹਿਲ ਕਲਾਂ ਦੇ ਦਫ਼ਤਰ ਮੂਹਰੇ ਧਰਨਾ ਮਾਰ ਕੇ ਰੋਸ ਪ੍ਰਦਰਸ਼ਨ ਕੀਤਾ।ਇਸ ਮੌਕੇ ਭਾਈ ਲਾਲੋ ਪੰਜਾਬੀ ਮੰਚ ਦੇ ਪ੍ਰਧਾਨ ਹਰਜੀਤ ਸਿੰਘ ਖਿਆਲੀ ਨੇ ਕੇਂਦਰ ਤੇ ਪੰਜਾਬ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰਾਂ ਇਸ ਮੁਸ਼ਕਲ ਪ੍ਰਤੀ ਸੁਹਿਰਦ ਨਹੀਂ, ਜਿਸ ਕਰਕੇ ਪਿਛਲੇ ਦਸ-ਦਸ ਦਿਨ ਤੋਂ ਕਿਸਾਨ ਝੋਨਾ ਵੇਚਣ ਲਈ ਖਰੀਦ ਏਜੰਸੀਆਂ ਦੇ ਹਾੜੇ ਕੱਢ ਰਹੇ ਹਨ।ਝੋਨਾ ਸਮੇਂ ਸਿਰ ਨਾ ਵਿਕਣ ਕਰਕੇ ਕਿਸਾਨਾਂ ਨੂੰ ਦੀਵਾਲੀ ਦਾ ਤਿਉਹਾਰ ਵੀ ਦਾਣਾ ਮੰਡੀਆਂ ਵਿੱਚ ਹੀ ਮਨਾਉਣਾ ਪਿਆ।ਉਨ੍ਹਾਂ ਕਿਹਾ ਕਿ ਸੰਬੰਧਤ ਅਧਿਕਾਰੀਆਂ ਵੱਲੋਂ ਸਿਰਫ ਖਾਨਾਪੂਰਤੀ ਲਈ ਇੱਕ ਆੜ੍ਹਤੀਆ ਦੀ ਦੁਕਾਨ ਉਪਰ ਮਸਾਂ ਦੋ ਸੌ ਬੋਰੀ ਦੀ ਬੋਲੀ ਲਗਾਈ ਜਾਂਦੀ ਹੈ, ਝੋਨਾ ਨਾ ਵਿਕਣ ਤੇ ਅਗਲੀ ਫਸਲ ਕਣਕ ਦੀ ਬਿਜਾਈ ਵੀ ਲੇਟ ਹੋਣ ਕਰਕੇ ਕਿਸਾਨ ਵੱਡੀ ਮੁਸੀਬਤ ਵਿੱਚ ਫਸ ਕੇ ਰਹਿ ਗਿਆ ਹੈ।ਉਨ੍ਹਾਂ ਚਿਤਾਵਨੀ ਸੁਰ ਵਿੱਚ ਕਿਹਾ ਕਿ ਜੇਕਰ ਇਸ ਮੁਸ਼ਕਲ ਦਾ ਤੁਰੰਤ ਹੱਲ ਨਾ ਕੀਤਾ ਗਿਆ ਤਾਂ 4 ਨਵੰਬਰ ਨੂੰ ਦੁਬਾਰਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, ਇਹ ਐਕਸ਼ਨ ਮੁੱਖ ਮਾਰਗ ਉੱਪਰ ਚੱਕਾ ਜਾਮ ਤੱਕ ਵੀ ਜਾ ਸਕਦਾ ਹੈ।ਮਜ਼ਦੂਰ ਆਗੂ ਗੁਰਚਰਨ ਸਿੰਘ ਕਾਲਾ ਨੇ ਦੱਸਿਆ ਕਿ ਪਿਛਲੇ 15 ਦਿਨਾਂ ਤੋਂ ਖਰੀਦਿਆ ਝੋਨਾ ਅਜੇ ਤੱਕ ਵੀ ਨਾ ਚੁੱਕਣ ਕਰਕੇ ਵਜ਼ਨ ਘੱਟ ਗਿਆ, ਜਿਸ ਦੀ ਭਰਪਾਈ ਮਜ਼ਦੂਰਾਂ ਤੋਂ ਕਰਵਾਈ ਜਾਣ ਬਾਰੇ ਕਿਹਾ ਜਾ ਰਿਹਾ ਹੈ, ਫਿਰ ਮਜ਼ਦੂਰ ਇਸ ਦੀ ਭਰਪਾਈ ਕਿਥੋਂ ਕਰਨ।ਉਨ੍ਹਾਂ ਸਪੱਸ਼ਟ ਕਿਹਾ ਮਜ਼ਦੂਰ ਇਸ ਘਟੇ ਵਜ਼ਨ ਦੀ ਭਰਪਾਈ ਬਿਲਕੁਲ ਨਹੀਂ ਕਰਨਗੇ।ਉਨ੍ਹਾਂ ਮਜ਼ਦੂਰਾਂ ਦੀ ਉਜ਼ਰਤ 'ਚ ਵਾਧਾ ਕਰਨ ਦੀ ਮੰਗ ਵੀ ਉਠਾਈ।ਆਗੂਆਂ ਨੇ ਕਿਹਾ ਕਿ ਇਸ ਮੁਸ਼ਕਲ ਦਾ ਕੋਈ ਠੋਸ ਹੱਲ ਨਾ ਹੋਣ ਕਰਕੇ ਕਿਸਾਨਾਂ, ਮਜ਼ਦੂਰਾਂ ਵੱਲੋਂ ਕਾਲੀ ਦੀਵਾਲੀ ਮਨਾਈ ਜਾ ਰਹੀ ਹੈ। ਆੜ੍ਹਤੀਆ ਐਸੋਸੀਏਸ਼ਨ ਦੇ ਆਗੂ ਵਿਜੈ ਕੁਮਾਰ ਬਾਂਸਲ, ਸੰਦੀਪ ਕੁਮਾਰ ਰਿੰਕੂ ਨੇ ਮੁਸ਼ਕਲਾਂ ਤੁਰੰਤ ਹੱਲ ਕਰਨ ਦੀ ਮੰਗ ਉਠਾਈ।ਇਸ ਮੌਕੇ ਬਲਦੇਵ ਸਿੰਘ ਸਹਿਜੜਾ, ਸੁਖਵਿੰਦਰ ਸਿੰਘ ਸੁੱਖਾ, ਗੁਰਮੇਲ ਸਿੰਘ, ਰਾਜ ਸਿੰਘ ਭਾਂਬੜ, ਜਗਤਾਰ ਸਿੰਘ ਚੌਧਰੀ, ਸੁਖਦੀਪ ਸਿੰਘ, ਜਰਨੈਲ ਸਿੰਘ ਗਿਆਨੀ, ਰਾਜਾ ਸਿੰਘ, ਕਾਲਾ ਸਿੰਘ ਮਹਿਲ ਖੁਰਦ, ਬੂਟਾ ਸਿੰਘ, ਮੇਹਰ ਸਿੰਘ, ਰਾਜਿੰਦਰਪਾਲ ਸਿੰਘ, ਬਿੰਦਰ ਸਿੰਘ ਬੱਸੀਆਂ ਆਦਿ ਹਾਜ਼ਰ ਸਨ।

ਕਾਤਰਾਂ

ਕਸਬਾ ਲੌਂਗੋਵਾਲ 'ਚ ਫਿੱਕੀ ਰਹੀ ਦੀਵਾਲੀ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਕਸਬਾ ਲੌਂਗੋਵਾਲ ਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਇਸ ਵਾਰ ਦੀਵਾਲੀ ਦਾ ਤਿਉਹਾਰ ਫਿੱਕਾ ਰਿਹਾ, ਕਿਉਂਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਜ਼ੀਰੀ ਦੀ ਫਸਲ ਨਾ ਖ਼ਰੀਦਣ ਕਰਕੇ ਕਿਸਾਨ ਤਾਂ ਮੰਡੀਆਂ ਵਿੱਚ ਝੋਨੇ ਦੀ ਵਿੱਕਰੀ ਲਈ ਰਾਖੀ 'ਤੇ ਬੈਠੇ ਹਨ ਅਤੇ ਮਹਿੰਗਾਈ ਦਾ ਵੀ ਮਾੜਾ ਅਸਰ ਲੋਕਾਂ ਦੀ ਖਰੀਦਦਾਰੀ 'ਤੇ ਸਾਫ ਦੇਖਣ ਨੂੰ ਮਿਲਿਆ, ਜਿਸ ਕਾਰਨ ਹਲਵਾਈਆਂ ਦੀਆਂ ਮਿਠਾਈਆਂ ਤੇ ਦੁਕਾਨਦਾਰਾਂ ਦੇ ਪਟਾਕੇ ਵੀ ਵੱਡੀ ਮਾਤਰਾ ਵਿੱਚ ਵਿਕਣ ਤੋਂ ਰਹਿ ਗਏ।ਇਸ ਤੋਂ ਇਲਾਵਾ ਪਿੰਡ ਮੰਡੇਰ ਕਲਾਂ, ਤਕੀਪੁਰ, ਢੱਡਰੀਆਂ, ਦਿਆਲਗੜ੍ਹ ਆਦਿ ਵਿੱਚ ਵੀ ਦੀਵਾਲੀ ਦਾ ਤਿਉਹਾਰ ਫਿੱਕਾ ਹੀ ਰਿਹਾ।

ਸ਼ੰਭੂ ਬਾਰਡਰ 'ਤੇ ਕਿਸਾਨ ਦੀ ਮੌਤ

ਪਟਿਆਲਾ (ਰਜਿੰਦਰ ਸਿੰਘ ਬਿੰਦ)-ਪੰਜਾਬ-ਹਰਿਆਣਾ ਦੇ ਸ਼ੰਭੂ ਬਾਰਡਰ 'ਤੇ ਕਿਸਾਨ ਮੋਰਚੇ 'ਤੇ ਗਏ ਇੱਕ ਹੋਰ ਕਿਸਾਨ ਦੀ ਸ਼ੁੱਕਰਵਾਰ-ਸ਼ਨੀਵਾਰ ਦੀ ਰਾਤ ਨੂੰ ਮੌਤ ਹੋ ਗਈ।ਉਸ ਦੀ ਸਿਹਤ ਵਿਗੜਨ ਤੋਂ ਬਾਅਦ ਕਿਸਾਨ ਨੂੰ ਇਲਾਜ ਲਈ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।ਮ੍ਰਿਤਕ ਕਿਸਾਨ ਆਗੂ ਦੀ ਪਛਾਣ ਬਲਵਿੰਦਰ ਸਿੰਘ (72) ਵਜੋਂ ਹੋਈ ਹੈ।ਉਹ ਮੋਗਾ ਦਾ ਰਹਿਣ ਵਾਲਾ ਸੀ।ਬਲਵਿੰਦਰ ਸਿੰਘ ਤਿੰਨ ਏਕੜ ਜ਼ਮੀਨ ਦਾ ਮਾਲਕ ਸੀ।ਹਾਲ ਹੀ ਵਿੱਚ ਸਰਕਾਰੀ ਉਦਾਸੀਨਤਾ ਕਾਰਨ ਉਹ ਸ਼ੰਭੂ ਸਰਹੱਦ 'ਤੇ ਚੱਲ ਰਹੇ ਕਿਸਾਨ ਅੰਦੋਲਨ ਦਾ ਹਿੱਸਾ ਬਣ ਗਿਆ ਸੀ।

ਸੜਕ ਹਾਦਸੇ 'ਚ ਜ਼ਖਮੀ ਵਿਅਕਤੀ ਦੀ ਇਲਾਜ ਦੌਰਾਨ ਮੌਤ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਦੇ ਪਿੰਡ ਭਾਲਾ ਫਰਾਇਆ ਮੱਲ ਵਿੱਚ ਇਕ ਗੰਭੀਰ ਸੜਕ ਹਾਦਸੇ ਵਿੱਚ ਜ਼ਖਮੀ ਹੋਏ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋਣ ਦੀ ਖਬਰ ਪ੍ਰਾਪਤ ਹੋਈ ਹੈ।ਪੁਲਸ ਨੇ ਇਸ ਸਬੰਧੀ ਕਾਰਵਾਈ ਕਰਦਿਆਂ ਅਣਪਛਾਤੇ ਵਹੀਕਲ ਚਾਲਕ ਖਿਲਾਫ 106, 281, 324 ਤੇ 125 ਬੀਐੱਨਐੱਸ ਤਹਿਤ ਮਾਮ

3 -November- Page-6-2024-Advt.qxd 11/2/2024 10:37 PM Page 1

ਮੰਡੀਆਂ 'ਚ ਕਿਸਾਨਾਂ ਦੀ ਹੋ ਰਹੀ ਲੁੱਟ ਤੇ ਖੱਜਲ-ਖੁਆਰੀ ਲਈ ਸਰਕਾਰ ਤੇ ਪ੍ਰਸ਼ਾਸਨ ਜ਼ਿੰਮੇਵਾਰ : ਖਹਿਰਾ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਪੰਜਾਬ ਦੇ ਕਿਸਾਨਾਂ ਦੀ ਫਸਲ ਨੂੰ ਲੁੱਟਣ ਲਈ ਹਰ ਸਾਲ ਹੀ ਸਾਜ਼ਿਸ਼ਾਂ ਕਰਕੇ ਕਿਸਾਨ ਨੂੰ ਮੰਡੀਆਂ ਵਿੱਚ ਖੱਜਲ ਖੁਆਰ ਕੀਤਾ ਜਾਂਦਾ ਹੈ ਅਤੇ ਹਾਲਾਤ ਅਜਿਹੇ ਬਣਾ ਦਿੱਤੇ ਜਾਂਦੇ ਹਨ ਕਿ ਕਿਸਾਨ ਨੂੰ ਅਸਲ ਕੀਮਤ ਤੋਂ ਵੀ ਘੱਟ ਕੀਮਤ 'ਤੇ ਫਸਲ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ। ਹਰ ਵਾਰ ਹੀ ਕਦੇ ਆੜ੍ਹਤੀਆਂ ਦੀ ਹੜਤਾਲ ਹੋ ਜਾਂਦੀ ਹੈ, ਕਦੇ ਸ਼ੈਲਰਾਂ ਵਾਲੇ ਅਤੇ ਕਦੇ ਲੇਬਰ ਹੜਤਾਲ ਕਰ ਦਿੰਦੀ ਹੈ ਅਤੇ ਕਦੇ ਖਰੀਦ ਏਜੰਸੀਆਂ ਦੇ ਇੰਸਪੈਕਟਰ ਤੇ ਕਰਮਚਾਰੀ ਹੜਤਾਲ 'ਤੇ ਚਲੇ ਜਾਂਦੇ ਹਨ, ਜਿਸ ਕਰਕੇ ਖਰੀਦ ਨਹੀਂ ਹੁੰਦੀ ਤੇ ਫਿਰ ਜਦੋਂ ਫਸਲਾਂ ਦੇ ਅੰਬਾਰ ਲੱਗ ਜਾਂਦੇ ਹਨ ਤਾਂ ਕਿਸਾਨਾਂ ਦੀ ਲੁੱਟ ਸ਼ੁਰੂ ਹੁੰਦੀ ਹੈ। ਇਸ ਵਾਰ ਵੀ ਅਜਿਹਾ ਕੁਝ ਹੀ ਹੋਇਆ ਹੈ ਅਤੇ ਸਾਰੇ ਰਲ ਮਿਲ ਕੇ ਹੁਣ ਕਿਸਾਨ ਦਾ ਝੋਨਾ ਸਰਕਾਰੀ ਰੇਟ ਤੋਂ ਵੀ ਘੱਟ ਰੇਟ 'ਤੇ ਖਰੀਦ ਰਹੇ ਹਨ। ਇਹ ਸ਼ਬਦ ਭਾਜਪਾ ਦੇ ਜ਼ਿਲ੍ਹਾ ਉਪ ਪ੍ਰਧਾਨ ਅਤੇ ਮੁੱਖ ਬੁਲਾਰੇ ਅਮਰਪਾਲ ਸਿੰਘ ਖਹਿਰਾ ਨੇ ਚੋਣਵੇਂ ਪੱਤਰਕਾਰਾਂ ਨਾਲ ਸਾਂਝੇ ਕਰਦਿਆਂ ਕਿਹਾ ਕਿ ਅੱਜ ਮੰਡੀਆਂ ਵਿੱਚ ਕਿਸਾਨਾਂ ਦੀ ਜੋ ਲੁੱਟ ਅਤੇ ਦੁਰਦਸ਼ਾ ਹੋ ਰਹੀ ਹੈ ਉਹ ਪਹਿਲਾਂ ਕਦੇ ਨਹੀਂ ਵੇਖੀ। ਕੇਂਦਰ ਵੱਲੋਂ 44 ਹਜ਼ਾਰ ਕਰੋੜ ਰੁਪਏ ਜਾਰੀ ਕਰਨ ਦੇ ਬਾਵਜੂਦ ਪਹਿਲਾਂ ਦਸ ਦਿਨ ਤਾਂ ਖਰੀਦ ਹੀ ਨਹੀਂ ਕੀਤੀ ਗਈ ਅਤੇ ਹੁਣ ਲਿਫਟਿੰਗ ਨਹੀਂ ਹੋ ਰਹੀ। ਪੰਜਾਬ ਦੀ ਆਪ ਸਰਕਾਰ ਨੇ ਪ੍ਰਬੰਧ ਕਰਨ ਦੀ ਥਾਂ ਮਹੀਨੇ ਬਾਅਦ ਚੰਡੀਗੜ੍ਹ ਵਿੱਚ ਧਰਨੇ ਮਾਰਨ ਦੇ ਡਰਾਮੇ ਕੀਤੇ ਜਾ ਰਹੇ ਹਨ । ਜਦੋਂ ਕਿ ਕਿਸਾਨਾਂ ਦਾ ਝੋਨਾ ਪੂਰੇ ਮਾਪਦੰਡ ਅਤੇ ਸਹੀ ਨਮੀ ਹੋਣ ਦੇ ਬਾਵਜੂਦ 150-200 ਰੁਪਏ ਕੱਟ ਲਾ ਕੇ ਚੁੱਕਿਆ ਜਾ ਰਿਹਾ ਹੈ। ਮੰਡੀਆਂ ਵਿੱਚ ਕਿਸਾਨਾਂ ਦੀ ਪੂਰੀ ਫਸਲ ਨੂੰ ਸਰਕਾਰੀ ਖਰੀਦ ਵਿੱਚ ਨਹੀਂ ਪਾਇਆ ਜਾ ਰਿਹਾ। ਇਸ ਮੌਕੇ ਅਮਰਪਾਲ ਸਿੰਘ ਖਹਿਰਾ ਨਾਲ ਸਾਬਕਾ ਚੇਅਰਮੈਨ ਰਣਜੀਤ ਸਿੰਘ ਮੀਆਂਵਿੰਡ, ਜ਼ਿਲ੍ਹਾ ਮੀਤ ਪ੍ਰਧਾਨ ਅਤੁਲ ਜੈਨ ਪੱਟੀ, ਜ਼ਿਲਾ ਸਕੱਤਰ ਸੁਖਵੰਤ ਸਿੰਘ, ਕਿਸਾਨ ਮੋਰਚਾ ਦੇ ਜ਼ਿਲਾ ਪ੍ਰਧਾਨ ਗੁਰਸਾਹਿਬ ਸਿੰਘ, ਐਸ. ਸੀ. ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਗੁਲਜ਼ਾਰ ਸਿੰਘ ਜਹਾਂਗੀਰ, ਕਿਸਾਨ ਮੋਰਚਾ ਦੇ ਮੀਤ ਪ੍ਰਧਾਨ ਸੁਬੇਗ ਸਿੰਘ ਰੈਸ਼ੀਆਣਾ, ਜ਼ਿਲਾ ਮੀਡੀਆ ਇੰਚਾਰਜ ਦਸਬਿੰਦਰ ਸਿੰਘ, ਯੁਵਾ ਮੋਰਚਾ ਦੇ ਸਕੱਤਰ ਸਤਨਾਮ ਸਿੰਘ ਫਤਹਿਬਾਦ, ਬੀ. ਸੀ. ਮੋਰਚਾ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ ਵੀਰੂ, ਗੁਰਪ੍ਰੀਤ ਸਿੰਘ ਗੈਰੀ ਧੂੰਦਾ, ਰਾਜਵੀਰ ਸਿੰਘ ਕੰਗ, ਰਘਬੀਰ ਸਿੰਘ ਭਰੋਵਾਲ, ਹਰਜੀਤ ਸਿੰਘ ਫਿਰੋਜ਼ਪੁਰੀਆ, ਪਰਮਜੀਤ ਸਿੰਘ ਹੰਸਾਵਾਲਾ, ਨਵਜੋਤ ਸਿੰਘ ਖਡੂਰ ਸਾਹਿਬ, ਸਕੱਤਰ ਸਿੰਘ ਗੋਇੰਦਵਾਲ, ਤਰਲੋਚਨ ਸਿੰਘ ਗੋਇੰਦਵਾਲ, ਸਰਵਣ ਸਿੰਘ ਭੈਲ ਆਦਿ ਭਾਜਪਾ ਆਗੂ ਮੌਜੂਦ ਸਨ।

ਪਸਨਾਵਾਲ 'ਚ ਪਰਾਲੀ ਦੇ ਵੱਢ ਨੂੰ ਅੱਗ ਲਗਾਉਣ 'ਤੇ ਦੋ ਭਰਾਵਾਂ ਵਿਰੁੱਧ ਮਾਮਲਾ ਦਰਜ

ਨਜਾਇਜ਼ ਪਰਚਾ ਰੱਦ ਕਰਨ ਦੀ ਮੰਗ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਥਾਣਾ ਧਾਰੀਵਾਲ ਦੀ ਪੁਲਸ ਨੇ ਪਿੰਡ ਪਸਨਾਵਾਲ ਵਿਖੇ ਪਰਾਲੀ ਦੇ ਵੱਢ ਨੂੰ ਅੱਗ ਲਗਾਉਣ ਦੇ ਦੋਸ਼ ਹੇਠ ਦੋ ਭਰਾਵਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ। ਸਤਨਾਮ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਸਨਾਵਾਲ ਨੇ ਥਾਣਾ ਧਾਰੀਵਾਲ ਦੀ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ 31 ਅਕਤੂਬਰ ਨੂੰ ਉਸ ਦੀ ਦੀ ਜ਼ਮੀਨ ਦੇ ਨਾਲ ਲਗਦੀ ਜ਼ਮੀਨ ਦੇ ਮਾਲਕ ਭੁਪਿੰਦਰ ਸਿੰਘ ਅਤੇ ਉਸ ਦੇ ਭਰਾ ਵਾਸੀਆਨ ਰਣੀਆਂ ਨੇ ਆਪਣੀ ਜ਼ਮੀਨ ਦੇ ਵੱਢ ਨੂੰ ਅੱਗ ਲਗਾਈ ਸੀ। ਇਹ ਅੱਗ ਉਸ ਦੇ ਦੇ ਕਮਾਦ ਵਿੱਚ ਚਲੀ ਗਈ। ਜਿਸ ਨਾਲ ਉਸ ਦਾ 2 ਕਿੱਲੇ ਕਮਾਦ ਸੜ ਗਿਆ। ਭੁਪਿੰਦਰ ਸਿੰਘ ਵਲੋਂ ਆਪਣੇ ਖੇਤਾਂ ਵਿੱਚ ਝੋਨੇ ਦੀ ਬਚੀ ਰਹਿੰਦ ਖੂੰਹਦ ਪਰਾਲੀ ਨੂੰ ਅੱਗ ਲਗਾ ਕੇ ਸਾੜ ਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ। ਥਾਣਾ ਧਾਰੀਵਾਲ ਦੇ ਏ ਐਸ ਆਈ ਬਲਬੀਰ ਸਿੰਘ ਨੇ ਸਤਨਾਮ ਸਿੰਘ ਦੇ ਬਿਆਨਾਂ ਅਨੁਸਾਰ ਭੁਪਿੰਦਰ ਸਿੰਘ ਅਤੇ ਉਸ ਦੇ ਭਰਾ ਖਿਲਾਫ ਮੁਕੱਦਮਾ ਦਰਜ ਕੀਤਾ ਹੈ। ਦੂਜੇ ਪਾਸੇ ਇਸ ਸਬੰਧੀ ਸੰਪਰਕ ਕਰਨ 'ਤੇ ਭੁਪਿੰਦਰ ਸਿੰਘ ਅਤੇ ਉਸ ਦੇ ਭਰਾ ਚਰਨਜੀਤ ਸਿੰਘ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਸਾਡੀ ਰਿਹਾਇਸ਼ ਪਿੰਡ ਰਣੀ (ਧਾਰੀਵਾਲ) ਵਿਖੇ ਹੈ, ਜੋ ਪਿੰਡ ਪਸਨਾਵਾਲ ਤੋਂ ਕਰੀਬ 9 ਕਿਲੋਮੀਟਰ ਦੂਰ ਹੈ। ਸਾਡੀ ਰਣੀਆਂ (ਧਾਰੀਵਾਲ) ਵਿਖੇ ਜੀ ਟੀ ਰੋਡ ਕਿਨਾਰੇ ਹੀਰੋ ਹਾਂਡਾ ਮੋਟਰਸਾਈਕਲਾਂ ਦੀ ਏਜੰਸੀ ਹੈ ਅਤੇ ਦੀਵਾਲੀ ਹੋਣ ਕਰਕੇ 31 ਅਕਤੂਬਰ ਨੂੰ ਉਨ੍ਹਾਂ ਦਾ ਆਪਣੀ ਏਜੰਸੀ ਤੋਂ ਵਿਹਲ ਨਹੀਂ ਸੀ ਤੇ ਅਸੀਂ ਪਿੰਡ ਪਸਨਾਵਾਲ ਵਿੱਚ ਆਪਣੀ ਜ਼ਮੀਨ ਵਿੱਚ ਫੇਰਾ ਮਾਰਨ ਤੱਕ ਵੀ ਨਹੀਂ ਆਏ। ਸਾਡੀ ਜ਼ਮੀਨ ਵਿੱਚ ਪਰਾਲੀ ਦੀ ਰਹਿੰਦ ਖੂੰਹਦ ਨੂੰ ਪਤਾ ਨਹੀਂ ਕਿਸ ਸ਼ਰਾਰਤੀ ਨੇ ਅੱਗ ਲਗਾਈ ਹੈ। ਸੂਚਨਾ ਮਿਲਣ 'ਤੇ 1 ਨਵੰਬਰ ਨੂੰ ਜਦੋਂ ਅਸੀਂ ਜਾ ਕੇ ਵੇਖਿਆ ਤਾਂ ਸਾਡੇ ਖੇਤਾਂ ਵਿੱਚ ਪਰਾਲੀ ਦੀ ਰਹਿੰਦ ਖੂੰਹਦ ਸੜੀ ਹੋਈ ਸੀ ਅਤੇ ਨਾਲ ਲਗਦੇ ਇਕ ਕਿਸਾਨ ਦੇ ਖੇਤ ਵਿੱਚ ਵੀ ਪਰਾਲੀ ਸੜੀ ਹੋਈ ਸੀ।

ਸਤਨਾਮ ਸਿੰਘ ਨੇ ਸਾਡੇ ਉਪਰ ਝੂਠਾ ਦੋਸ਼ ਲਗਾ ਕੇ ਪਰਾਲੀ ਨੂੰ ਅੱਗ ਦਾ ਨਜਾਇਜ਼ ਪਰਚਾ ਦਰਜ ਕਰਵਾਇਆ ਹੈ, ਜੋ ਸਾਡੇ ਨਾਲ ਧੱਕਾ ਹੈ। ਭੁਪਿੰਦਰ ਸਿੰਘ ਅਤੇ ਚਰਨਜੀਤ ਸਿੰਘ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ, ਐਸ ਐਸ ਪੀ ਗੁਰਦਾਸਪੁਰ, ਖੇਤੀਬਾੜੀ ਵਿਭਾਗ ਗੁਰਦਾਸਪੁਰ ਦੇ ਮੁੱਖ ਜ਼ਿਲ੍ਹਾ ਅਫਸਰ ਅਤੇ ਹੋਰ ਸਬੰਧਤ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਮਾਮਲੇ ਦੀ ਜਾਂਚ ਕਰਕੇ ਉਨ੍ਹਾਂ ਦੀ ਜ਼ਮੀਨ ਵਿੱਚ ਪਰਾਲੀ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਵਾਲੇ ਸ਼ਰਾਰਤੀ ਅਨਸਰ ਖਿਲਾਫ ਕਰਵਾਈ ਕੀਤੀ ਜਾਵੇ ਅਤੇ ਸਾਡੇ ਉਪਰ ਹੋਇਆ ਨਜਾਇਜ਼ ਪਰਚਾ ਰੱਦ ਕੀਤਾ ਜਾਵੇ।

ਜਥੇਦਾਰ ਰਘਬੀਰ ਸਿੰਘ ਨੇ ਕੌਮ ਦੇ ਨਾਂਅ ਸੰਦੇਸ਼ 'ਚ ਪੰਥਕ ਏਕਤਾ ਦਾ ਦਿੱਤਾ ਹੋਕਾ

ਅੰਮ੍ਰਿਤਸਰ (ਜਸਬੀਰ ਸਿੰਘ, ਕੰਵਲਜੀਤ ਸਿੰਘ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਨਾਮਜ਼ਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੁਨੀਆ ਭਰ ਦੇ ਸਿੱਖਾਂ 'ਤੇ ਹੋ ਰਹੇ ਹਮਲਿਆਂ ਪ੍ਰਤੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਬੰਦੀ ਛੋੜ ਦਿਵਸ 'ਤੇ ਕੌਮ ਦੇ ਨਾਂਅ ਸੰਦੇਸ਼ ਦਿੰਦਿਆਂ ਕਿਹਾ ਕਿ ਵੱਖ ਵੱਖ ਢੰਗ ਤਰੀਕਿਆਂ ਨਾਲ ਸਿੱਖਾਂ ਨੂੰ ਕੌਮਾਂਤਰੀ ਪੱਧਰ 'ਤੇ ਕਈ ਪ੍ਰਕਾਰ ਘਿਰਣਾ ਵਾਲੇ ਲਕਬਾਂ ਨਾਲ ਨਿਵਾਜ ਕੇ ਸਿੱਖ ਕੌਮ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਦਾ ਸਾਨੂੰ ਸਾਰਿਆਂ ਨੂੰ ਇੱਕਮੁੱਠ ਹੋ ਕੇ ਟਾਕਰਾ ਕਰਨਾ ਪਵੇਗਾ।ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਚੱਲਦੀ ਆ ਰਹੀ ਪੁਰਾਤਨ ਰਵਾਇਤ ਅਨੁਸਾਰ ਬੰਦੀਛੋੜ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ। ਬੰਦੀਛੋੜ ਦਿਹਾੜੇ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਗੁਰਮਤਿ ਸਮਾਗਮਾਂ ਦੌਰਾਨ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਜਥਿਆਂ, ਪ੍ਰਚਾਰਕਾਂ ਅਤੇ ਕਵੀਆਂ ਨੇ ਗੁਰਬਾਣੀ ਕੀਰਤਨ ਅਤੇ ਇਤਿਹਾਸ ਦੁਆਰਾ ਸੰਗਤ ਨਾਲ ਸਾਂਝ ਪਾਈ।ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਸਿੱਖ ਪੰਥ ਦੇ ਨਾਂਅ ਸੰਦੇਸ਼ ਦਿੰਦਿਆਂ ਸਿੱਖ ਇਤਿਹਾਸ ਦੀ ਰੌਸ਼ਨੀ ਵਿਚ ਜੀਵਨ ਤਰਜੀਹਾਂ ਨਿਰਧਾਰਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਪੰਜਾਬ ਅਤੇ ਸਿੱਖ ਪੰਥ ਦੀ ਵਿਰਾਸਤ ਹੈ, ਕਿਉਂਕਿ ਇਥੇ ਗੁਰੂ ਸਾਹਿਬਾਨ ਨੇ ਲੋਕਾਈ ਨੂੰ ਅੰਧਕਾਰ ਅਤੇ ਵਹਿਮਾਂ-ਭਰਮਾਂ 'ਚੋਂ ਕੱਢ ਕੇ ਦੈਵੀ ਗਿਆਨ ਅਧੀਨ ਜੀਵਨ ਜੀਣ ਦਾ ਇਕ ਮਾਣਮੱਤਾ ਮਾਰਗ ਦਿਖਾਇਆ ਹੈ। ਉਨ੍ਹਾਂ ਸਿੱਖ ਪੰਥ ਅਤੇ ਗੁਰੂ ਪੰਥ ਦੇ ਮਹੱਤਵ ਨੂੰ ਜ਼ੋਰ ਨਾਲ ਉਭਾਰਦਿਆਂ ਕਿਹਾ ਕਿ ਇਹ ਸਾਡੀ ਮਾਣਮੱਤੀ ਵਿਰਾਸਤ ਹੈ ਅਤੇ ਇਹ ਦੋਵੇਂ ਖਾਲਸਾ ਪੰਥ ਦੀਆਂ ਜੀਵੰਤ ਸੰਸਥਾਵਾਂ ਹਨ। ਉਨ੍ਹਾਂ ਨਸ਼ਿਆਂ ਦੀ ਅਲਾਮਤ ਦੇ ਨਾਲ-ਨਾਲ ਪੰਜਾਬ ਦੇ ਕੁਦਰਤੀ ਸਰੋਤਾਂ ਅਤੇ ਬੁਨਿਆਦੀ ਅਧਿਕਾਰਾਂ ਸਮੇਤ ਪੰਥਕ ਰਾਜਨੀਤੀ ਦੀ ਗੱਲ ਕਰਦਿਆਂ ਇਨ੍ਹਾਂ ਮੁੱਦਿਆਂ ਨੂੰ ਏਜੰਡਾ ਮੁਖੀ ਬਣਾਉਣ ਲਈ ਆਖਿਆ। ਗਿਆਨੀ ਰਘਬੀਰ ਸਿੰਘ ਨੇ ਹੋਰ ਰਾਜਾਂ ਤੋਂ ਪੰਜਾਬ ਵਿਚ ਹੋ ਰਹੇ ਪ੍ਰਵਾਸ 'ਤੇ ਵੀ ਗਹਿਰੀ ਚਿੰਤਾ ਪ੍ਰਗਟ ਕੀਤੀ ਤੇ ਪੰਥਕ ਜਥੇਬੰਦੀ ਨੂੰ ਏਕਤਾ ਦੀ ਲੜੀ ਵਿਚ ਪਰਾਉਣ ਵਾਸਤੇ ਭਿੰਨ-ਭੇਦ ਮਿਟਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ 'ਚ ਇਕੱਠੇ ਹੋਣ ਲਈ ਆਖਿਆ।

ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਚੱਬੇਵਾਲ 'ਚ ਝੰਡਾ ਮਾਰਚ ਅੱਜ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂਆਂ ਸਤੀਸ਼ ਰਾਣਾ, ਕਰਮ ਸਿੰਘ ਧਨੋਆ, ਸਵਿੰਦਰ ਪਾਲ ਸਿੰਘ ਮੋਲੋਵਾਲੀ , ਜਰਮਨਜੀਤ ਸਿੰਘ, ਗੁਰਪ੍ਰੀਤ ਸਿੰਘ ਗੰਡੀਵਿੰਡ, ਐਨ.ਕੇ. ਕਲਸੀ , ਭਜਨ ਸਿੰਘ ਗਿੱਲ, ਰਣਜੀਤ ਸਿੰਘ ਰਾਣਵਾ, ਰਤਨ ਸਿੰਘ ਮਜਾਰੀ, ਗਗਨਦੀਪ ਸਿੰਘ ਭੁੱਲਰ, ਸੁਖਦੇਵ ਸਿੰਘ ਸੈਣੀ, ਬਾਜ ਸਿੰਘ ਖਹਿਰਾ, ਜਸਵੀਰ ਸਿੰਘ ਤਲਵਾੜਾ, ਜਗਦੀਸ਼ ਸਿੰਘ ਚਾਹਲ, ਰਾਧੇ ਸ਼ਾਮ, ਬੋਬਿੰਦਰ ਸਿੰਘ ,ਦਿਗਵਿਜੇ ਪਾਲ ਸ਼ਰਮਾ ਅਤੇ ਕਰਮਜੀਤ ਸਿੰਘ ਬੀਹਲਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਆਖਿਆ ਕਿ ਕੱਲ 03 ਨਵੰਬਰ ਨੂੰ ਵਿਧਾਨ ਸਭਾ ਹਲਕਾ ਚੱਬੇਵਾਲ ਵਿਖੇ ਕੀਤੇ ਜਾਣ ਵਾਲੇ ਝੰਡਾ ਮਾਰਚ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਆਗੂਆਂ ਆਖਿਆ ਕਿ ਕੱਲ੍ਹ ਹਜ਼ਾਰਾਂ ਦੀ ਗਿਣਤੀ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਬੇਵਾਲ ਦੀ ਗਰਾਊਂਡ ਵਿੱਚ ਸਵੇਰੇ 10 ਵਜੇ ਇਕੱਠੇ ਹੋਣਗੇ ।ਸਾਂਝਾ ਫਰੰਟ ਦੇ ਆਗੂਆਂ ਆਖਿਆ ਕਿ ਜਦੋਂ ਤੱਕ ਤਨਖਾਹ ਕਮਿਸ਼ਨ ਦੀ ਸਿਫਾਰਿਸ਼ ਅਨੁਸਾਰ ਪੈਨਸ਼ਨਰਾਂ ਦੀ ਪੈਨਸ਼ਨ ਦੋਹਰਾਈ 2.59 ਗੁਣਾਕ ਨਾਲ ਲਾਗੂ ਨਹੀਂ ਹੁੰਦੀ, ਪੁਰਾਣੀ ਪੈਨਸ਼ਨ ਸਕੀਮ ਬਹਾਲ ਨਹੀਂ ਹੁੰਦੀ, ਹਰ ਤਰ੍ਹਾਂ ਦੇ ਕੱਚੇ ਮੁਲਾਜ਼ਮ ਬਿਨਾਂ ਸ਼ਰਤ ਪੱਕੇ ਨਹੀਂ ਹੁੰਦੇ , ਮਾਣ ਭੱਤਾ / ਇਨਸੈਂਟਿਵ (ਮਿਡ - ਡੇ - ਮੀਲ, ਆਸ਼ਾ, ਆਂਗਣਵਾੜੀ) ਮੁਲਾਜ਼ਮਾਂ ਨੂੰ ਘੱਟੋ ਘੱਟ ਤਨਖਾਹ ਦੇ ਘੇਰੇ ਵਿੱਚ ਨਹੀਂ ਲਿਆਂਦਾ ਜਾਂਦਾ , ਪਿਛਲੇ ਪੰਜ ਸਾਲ ਛੇ ਮਹੀਨੇ ਦਾ ਤਨਖਾਹ ਕਮਿਸ਼ਨ ਦਾ ਬਕਾਇਆ ਜ਼ਾਰੀ ਨਹੀਂ ਕੀਤਾ ਜਾਂਦਾ ਅਤੇ ਤਨਖਾਹ ਕਮਿਸ਼ਨ ਦੀ ਰਹਿੰਦੀ ਰਿਪੋਰਟ ਜ਼ਾਰੀ ਕਰਕੇ ਏਸੀਪੀ ਦਾ ਲਾਭ ਨਹੀਂ ਦਿੱਤਾ ਜਾਂਦਾ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹੱਕ ਵਿੱਚ ਹੋਏ ਅਦਾਲਤੀ ਫੈਸਲੇ ਜਨਰਲਾਈਜ਼ ਕਰਕੇ ਲਾਗੂ ਨਹੀਂ ਕੀਤੇ ਜਾਂਦੇ ਅਤੇ ਸਾਂਝਾ ਫਰੰਟ ਦੇ ਆਗੂਆਂ 'ਤੇ ਦਰਜ ਕੀਤੇ ਝੂਠੇ ਪੁਲਸ ਕੇਸ ਵਾਪਸ ਨਹੀਂ ਲਏ ਜਾਂਦੇ, ਉਦੋਂ ਤੱਕ ਇਹ ਸੰਘਰਸ਼ ਜ਼ਾਰੀ ਰਹੇਗਾ। ਆਗੂਆਂ ਨੇ ਆਖਿਆ ਕਿ ਤਿੰਨ ਨਵੰਬਰ ਨੂੰ ਵਿਧਾਨ ਸਭਾ ਹਲਕਾ ਚੱਬੇਵਾਲ ਵਿਖੇ ਝੰਡਾ ਮਾਰਚ ਕਰਨ ਉਪਰੰਤ 07 ਨਵੰਬਰ ਨੂੰ ਗਿੱਦੜਵਾਹਾ, 09 ਨਵੰਬਰ ਨੂੰ ਡੇਰਾ ਬਾਬਾ ਨਾਨਕ ਅਤੇ 10 ਨਵੰਬਰ ਨੂੰ ਬਰਨਾਲਾ ਵਿਧਾਨ ਸਭਾ ਹਲਕੇ ਅੰਦਰ ਝੰਡਾ ਮਾਰਚ ਕੀਤਾ ਜਾਵੇਗਾ ।

ਰੂਪਤਜਿੰਦਰ ਸਿੰਘ ਨਿੱਕੋਸਰਾਂ ਨੇ ਕੀਤੀ ਘਰ ਵਾਪਸੀ, ਆਪ 'ਚ ਹੋਏ ਸ਼ਾਮਲ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਹਲਕਾ ਡੇਰਾ ਬਾਬਾ ਨਾਨਕ 'ਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਭਾਰੀ ਬਲ ਮਿਲਿਆ ਜਦੋਂ ਹਲਕਾ ਡੇਰਾ ਬਾਬਾ ਨਾਨਕ ਤੋਂ ਐੱਸ ਸੀ ਵਿੰਗ ਦੇ ਸਾਬਕਾ ਹਲਕਾ ਕੋਆਰਡੀਨੇਟਰ ਰੂਪਤੇਜਿੰਦਰ ਸਿੰਘ ਨਿੱਕੋਸਰਾਂ ਜੋ ਕੁਝ ਸਮਾਂ ਪਹਿਲਾਂ ਆਪ ਨੂੰ ਛੱਡ ਕੇ ਬੀ ਜੇ ਪੀ ਵਿੱਚ ਸ਼ਾਮਲ ਹੋ ਗਏ ਸਨ, ਅੱਜ ਉਹ ਫਿਰ ਤੋਂ ਆਪ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ । ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਵੱਲੋਂ ਹਲਕਾ ਕੋਆਡੀਨੇਟਰ ਰੂਪਤਜਿੰਦਰ ਸਿੰਘ ਨਿੱਕੋਸਰਾਂ ਦਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਭਰਵਾਂ ਸਵਾਗਤ ਕੀਤਾ ਗਿਆ ਤੇ ਪਾਰਟੀ ਅੰਦਰ ਫਿਰ ਤੋਂ ਬਣਦਾ

3-Nov-PAGE-7.qxd 11/2/2024 10:28 PM Page 1

ਮੁੱਖ ਮੰਤਰੀ ਨੇ ਲਾਡਵਾ ਦੇ ਬਜ਼ੁਰਗ ਆਸ਼ਰਮ 'ਚ ਮਨਾਈ ਦੀਵਾਲੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਦੀਵਾਲੀ ਪਰਵ 'ਤੇ ਜ਼ਿਲ੍ਹਾ ਕੁਰੂਕਸ਼ੇਤਰ ਵਿਚ ਲਾਡਵਾ ਸਥਿਤ ਬਾਬਾ ਬੰਸੀਵਾਲਾ ਬਜ਼ੁਰਗ ਆਸ਼ਰਮ ਅਤੇ ਵਿਸ਼ਵਾਸ ਬਾਲ ਆਸ਼ਰਮ ਵਿਚ ਲਿਆ ਕੇ ਬਜ਼ੁਰਗਾਂ ਤੇ ਬੱਚਿਆਂ ਦੇ ਨਾਲ ਦੀਵਾਲੀ ਪਰਵ ਮਨਾਇਆ। ਉਨ੍ਹਾਂ ਨੇ ਇਸ ਮੌਕੇ 'ਤੇ ਬਜ਼ੁਰਗਾਂ ਤੇ ਬੱਚਿਆਂ ਨੂੰ ਮਿਠਾਈ ਖਿਲਾ ਕੇ ਦੀਵਾਲੀ ਪਰਵ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਨਾਲ ਹੀ ਉਨ੍ਹਾਂ ਨੇ ਬਜ਼ੁਰਗਾਂ ਤੇ ਬੱਚਿਆਂ ਨੂੰ ਸ਼ਾਲ , ਫੱਲਾਂ ਦੀ ਟੋਕਰੀ ਅਤੇ ਮਿਠਾਈਆਂ ਵੀ ਵੰਡੀਆਂ। ਮੁੱਖ ਮੰਤਰੀ ਨੇ ਸੱਭ ਤੋਂ ਪਹਿਲਾਂ ਲਾਡਵਾ ਸਥਿਤ ਬਾਬਾ ਬੰਸੀਵਾਲਾ ਬਜ਼ੁਰਗ ਆਸ਼ਰਮ ਵਿਚ ਜਾ ਕੇ ਪਰਿਸਰ ਵਿਚ ਮੱਥਾ ਟੇਕਿਆ। ਉਨ੍ਹਾਂ ਨੇ ਇਸ ਮੌਕੇ 'ਤੇ ਬਜ਼ੁਰਗਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਮੈਂ ਤੁਹਾਡਾ ਆਸ਼ੀਰਵਾਦ ਲੈਣ ਆਇਆ ਹਾਂ ਅਤੇ ਤੁਹਾਡੇ ਲੋਕਾਂ 'ਤੇ ਵਿਚ ਆ ਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਭਗਵਾਨ ਸ੍ਰੀਰਾਮ ਅੱਜ ਦੇ ਦਿਨ ਅਯੋਧਿਆ ਪਰਤੇ ਸਨ ਅਤੇ ਇਸ ਮੌਕੇ 'ਤੇ ਦੀਵਾਲੀ ਪਰਵ ਮਨਾਇਆ ਜਾਂਦਾ ਹੈ। ਉਨ੍ਹਾਂ ਨੇ ਇਸ ਮੌਕੇ 'ਤੇ ਬਜ਼ੁਰਗਾਂ ਨਾਲ ਇੱਥੇ ਉਨ੍ਹਾਂ ਦੇ ਰਹਿਣ ਖਾਣ ਦੇ ਨਾਲ-ਨਾਲ ਹੋਰ ਵਿਵਸਥਾਵਾਂ ਦੀ ਜਾਣਕਾਰੀ ਹਾਸਲ ਕੀਤੀ ਅਤੇ ਕਿਸੇ ਵੀ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦੇ ਬਾਰੇ ਵਿਚ ਵੀ ਉਨ੍ਹਾਂ ਤੋਂ ਪੁਛਿਆ। ਇਸ ਦੌਰਾਨ ਮੁੱਖ ਮੰਤਰੀ ਦੇ ਸਾਹਮਣੇ ਕੁੱਝ ਬਜ਼ੁਰਗਾਂ ਨੇ ਬੁਢਾਪਾ ਪੈਂਸ਼ਨ ਲਗਾਤਾਰ ਅਤੇ ਆਯੂਸ਼ਮਾਨ ਕਾਰਡ ਬਨਾਉਣ ਬਾਰੇ ਅਪੀਲ ਕੀਤੀ। ਮੁੱਖ ਮੰਤਰੀ ਨੇ ਮੌਕੇ 'ਤੇ ਮੌਜੂਦ ਡਿਪਟੀ ਕਮਿਸ਼ਨਰ ਨੂੰ ਤੁਰੰਤ ਪੈਂਸ਼ਨ ਤੇ ਆਯੂਸ਼ਮਾਨ ਕਾਰਡ ਬਨਾਉਣ ਨਾਲ ਸਬੰਧਿਤ ਕਾਰਵਾਈ 'ਤੇ ਬਜ਼ੁਰਗਾਂ ਦੀ ਸਮਸਿਆ ਨੂੰ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਇਸ ਪਵਿੱਤਰ ਪਰਵ ਦੇ ਮੌਕੇ 'ਤੇ ਉਨ੍ਹਾਂ ਨੂੰ ਜੋ ਆਸ਼ੀਰਵਾਦ ਇੰਨ੍ਹਾਂ ਬਜ਼ੁਰਗਾਂ ਤੋਂ ਮਿਲਿਆ ਹੈ, ਉਹ ਆਪਣੇ ਆਪ ਨੂੰ ਇਸ ਦੇ ਲਈ ਖੁਸ਼ਕਿਸਮਤ ਮੰਨਦੇ ਹਨ।ਇਸ ਦੇ ਬਾਅਦ ਮੁੱਖ ਮੰਤਰੀ ਲਾਡਵਾ ਸਥਿਤ ਵਿਸ਼ਵਾਸ ਬਾਲ ਆਸ਼ਰਮ ਪਹੁੰਚੇ। ਉੱਥੇ ਉਨ੍ਹਾਂ ਦੇ ਆਸ਼ਰਮ ਵਿਚ ਰਹਿ ਰਹੇ ਬੱਚਿਆਂ ਨੂੰ ਦੀਵਾਲੀ ਦੀ ਸ਼ੁਭਕਾਮਨਾਵਾਂ ਦਿੰਦੇ ਹੋਏ ਆਪਣਾ ਆਸ਼ੀਰਵਾਦ ਦਿੱਤਾ। ਉਨ੍ਹਾਂ ਨੇ ਬੱਚਿਆਂ ਨੂੰ ਪੂਰੀ ਲਗਨ ਅਤੇ ਮਿਹਨਤ ਨਾਲ ਪੜਾਈ ਕਰਨ ਬਾਰੇ ਕਿਹਾ। ਉਨ੍ਹਾਂ ਨੇ ਕਿਹਾ ਕਿ ਮਿਹਨਤ ਕਰ ਕੇ ਹੀ ਟੀਚੇ ਨੂੰ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਆਸ਼ਰਮ ਦੇ ਸੰਚਾਲਕ ਨਾਲ ਬੱਚਿਆਂ ਨੂੰ ਦਿੱਤੀ ਜਾ ਰਹੀ ਸਹੂਲਤਾਂ ਦੇ ਬਾਰੇ ਵਿਚ ਜਾਣਕਾਰੀ ਹਾਸਲ ਕੀਤੀ। ਬਾਲ ਆਸ਼ਰਮ ਸੰਚਾਲਕ ਨੇ ਦਸਿਆ ਕਿ ਇੱਥੇ 15 ਬੱਚੇ ਰਹਿ ਰਹੇ ਹਨ ਅਤੇ ਉਨ੍ਹਾਂ ਨੂੰ ਸਾਰੀ ਤਰ੍ਹਾ ਦੀ ਸਹੂਲਤਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਬਜ਼ੁਰਗਾਂ ਤੇ ਬੱਚਿਆਂ ਨੇ ਮੁੱਖ ਮੰਤਰੀ ਨੂੰ ਆਪਣੇ ਵਿਚ ਪਾ ਕੇ ਕਾਫੀ ਖੁਸ਼ੀ ਜਾਹਰ ਕੀਤੀ। ਉਨ੍ਹਾਂ ਨੇ ਕਿਹਾ ਕਿ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਮੁੱਖ ਮੰਤਰੀ ਦੀਵਾਲੀ ਪਰਵ 'ਤੇ ਇੱਥੇ ਪਹੁੰਚੇ ਅਤੇ ਉਨ੍ਹਾਂ ਦੇ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ ਹਨ।ਇਸ ਦੇ ਬਾਅਦ ਮੁੱਖ ਮੰਤਰੀ ਬਾਬੈਨ ਸਥਿਤ ਕਿਸਾਨ ਰੇਸਟ ਹਾਊਸ ਪਹੁੰਚੇ ਅਤੇ ਇੱਥੇ ਉਨ੍ਹਾਂ ਨੇ ਭਾਜਪਾ ਕਾਰਜਕਰਤਾਵਾਂ , ਅਧਿਕਾਰੀਆਂ ਅਤੇ ਹੋਰ ਮਾਣਯੋਗ ਲੋਕਾਂ ਨੂੰ ਦੀਵਾਲੀ ਪਰਵ ਦੀ ਵਧਾਈ ਦਿੱਤੀ। ਉਨ੍ਹਾਂ ਨੇ ਸਾਰਿਆਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦਾ ਹਾਲਚਾਲ ਜਾਣਿਆ।

ਚਮਕੌਰ ਸਾਹਿਬ ਵਿਖੇ ਵਿਸ਼ਵਕਰਮਾ ਦਿਵਸ ਮਨਾਇਆ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ): ਸ੍ਰੀ ਚਮਕੌਰ ਸਾਹਿਬ ਵਿਖੇ ਵਿਸ਼ਵਕਰਮਾ ਭਵਨ ਕਮੇਟੀ ਵੱਲੋਂ ਭਵਨ ਵਿੱਚ ਬਾਬਾ ਵਿਸ਼ਵਕਰਮਾ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਕੀਰਤਨੀ ਜਥਿਆਂ ਵੱਲੋਂ ਗੁਰ ਸ਼ਬਦ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਅਕਾਲੀ ਦਲ ਦੇ ਸੀਨੀਅਰ ਆਗੂ ਅਮਨਦੀਪ ਸਿੰਘ ਮਾਂਗਟ, ਨਗਰ ਕੌਂਸਲ ਦੇ ਵਾਇਸ ਪ੍ਰਧਾਨ ਭੁਪਿੰਦਰ ਸਿੰਘ ਭੂਰਾ ਅਤੇ ਕਿਸਾਨ ਮਜ਼ਦੂਰ ਏਕਤਾ ਯੂਨੀਅਨ ਦੇ ਸੂਬਾ ਪ੍ਰਧਾਨ ਦਿਲਬਾਗ ਸਿੰਘ ਨੇ ਵਿਸ਼ਵਕਰਮਾ ਦਿਵਸ ਦੀਆਂ ਵਧਾਈਆਂ ਦਿੰਦਿਆਂ ਉਨ੍ਹਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਸੰਗਤਾਂ ਨੂੰ ਪ੍ਰੇਰਿਤ ਕੀਤਾ। ਕਮੇਟੀ ਵੱਲੋਂ ਇਸ ਮੌਕੇ ਲਗਾਏ ਖੂਨਦਾਨ ਕੈਂਪ ਦੌਰਾਨ ਰੂਪਨਗਰ ਤੋਂ ਆਈ ਡਾਕਟਰਾਂ ਦੀ ਟੀਮ ਵਲੋਂ 42 ਯੂਨਿਟ ਖੂਨ ਇਕੱਤਰ ਕੀਤਾ ਗਿਆ। ਕੈਂਪ ਦਾ ਉਦਘਾਟਨ ਬਾਬਾ ਸੁਖਪਾਲ ਸਿੰਘ ਭੈਰੋਮਾਜਰਾ ਵਾਲਿਆ ਨੇ ਕਰਦਿਆਂ ਸੰਗਤਾਂ ਨੂੰ ਬਾਣੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਖੂਨਦਾਨੀਆਂ ਨੂੰ ਸਨਮਾਨਿਤ ਕਰਦਿਆਂ ਮਾਂਗਟ ਨੇ ਕਿਹਾ ਕਿ ਖੂਨਦਾਨ ਇੱਕ ਮਹਾਂਦਾਨ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਸਾਲ ਵਿੱਚ ਡਾਕਟਰਾਂ ਅਨੁਸਾਰ ਦੋ ਵਾਰ ਖੂਨਦਾਨ ਕਰਨ ਤਾਂ ਜੋ ਕਿ ਉਨ੍ਹਾਂ ਵੱਲੋਂ ਦਿੱਤੇ ਗਏ ਖੂਨਦਾਨ ਨਾਲ ਕਿਸੇ ਲੋੜਵੰਦ ਮਰੀਜ਼ ਦੀ ਜਾਨ ਬਚਾਈ ਜਾ ਸਕੇ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਸੁਰਜੀਤ ਸਿੰਘ ਮਾਨ, ਕਸ਼ਮੀਰ ਸਿੰਘ, ਸਰਪੰਚ ਹਰਿੰਦਰ ਸਿੰਘ ਕਾਕਾ, ਨੰਬਰਦਾਰ ਬਲਵਿੰਦਰ ਸਿੰਘ, ਮਲਾਗਰ ਸਿੰਘ ਖਮਾਣੋਂ, ਡਾ. ਰਾਜਪਾਲ ਚੌਧਰੀ, ਠੇਕੇਦਾਰ ਬਲਵਿੰਦਰ ਸਿੰਘ, ਜਰਨੈਲ ਸਿੰਘ, ਗੁਰਪ੍ਰੀਤ ਸਿੰਘ ਅਤੇ ਰਣਧੀਰ ਸਿੰਘ ਆਦਿ ਹਾਜ਼ਰ ਸਨ।

ਸਰਕਾਰੀ ਸਕੂਲ ਸਰਹਾਲਾ ਮੁੰਡੀਆਂ ਵਿਖੇ ਮਨਾਈ ਹਰੀ ਦੀਵਾਲੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਭਾਰਤ ਵਾਸੀਆਂ ਦਾ ਦੀਵਿਆਂ ਅਤੇ ਰੌਸ਼ਨੀਆਂ ਦਾ ਸਰਵੋਤਮ ਤਿਉਹਾਰ ਦੀਵਾਲੀ ਜੋ ਹਰ ਸਾਲ ਬਹੁਤ ਹੀ ਚਾਵਾਂ ਅਤੇ ਖੁਸ਼ੀਆਂ ਨਾਲ ਦੇਸ਼ ਭਰ ਵਿੱਚ ਹੀ ਨਹੀਂ ਬਲਕਿ ਹੁਣ ਪੂਰੇ ਵਿਸ਼ਵ ਭਰ ਵਿੱਚ ਵੀ ਬੜੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਹੈ।ਪਰ ਇਸ ਤਿਉਹਾਰ ਮੌਕੇ ਚਲਾਏ ਜਾਂਦੇ ਅਣਗਿਣਤ ਪਟਾਖੇ ਅਤੇ ਆਤਿਸ਼ਬਾਜੀਆਂ ਨਾਲ ਸਾਡੇ ਸਾਫ ਵਾਤਾਵਰਣ ਨੂੰ ਇੱਕ ਵੱਡਾ ਖਤਰਾ ਬਣਦਾ ਜਾ ਰਿਹਾ ਹੈ।ਜਿਸ ਕਾਰਨ ਪੂਰੇ ਦੇਸ਼ ਭਰ ਵਿੱਚ ਵੱਖ-ਵੱਖ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ, ਵਿਦਿਕ ਸੰਸਥਾਵਾਂ ਅਤੇ ਵਾਤਾਵਰਨ ਪ੍ਰੇਮੀਆਂ ਵੱਲੋਂ ਦੇਸ਼ ਵਾਸੀਆਂ ਨੂੰ ਅਤੇ ਖਾਸ ਕਰਕੇ ਨੌਜਵਾਨ ਪੀੜੀ ਨੂੰ ਹਰੀ ਦਿਵਾਲੀ ਮਨਾਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਜੋ ਕਿ ਸਮੇਂ ਦੀ ਸਭ ਤੋਂ ਵੱਡੀ ਲੋੜ ਬਣਦੀ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਰਹਾਲਾ ਮੁੰਡੀਆਂ ਦੇ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਆਪਣੇ ਸਕੂਲ ਵਿਖੇ ਸਮੂਹ ਸਕੂਲ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨਾਲ ਹਰੀ ਦਿਵਾਲੀ ਬਣਾਉਣ ਦਾ ਪ੍ਰਣ ਲੈਂਦਿਆਂ ਕੀਤਾ।ਸਕੂਲ ਪ੍ਰਿੰਸੀਪਲ ਵੱਲੋਂ ਦੱਸਿਆ ਗਿਆ ਕਿ ਵਿਦਿਆਰਥੀਆਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਸਕੂਲ ਵਿਖੇ ਪਹੁੰਚੇ ਵਿਸ਼ੇਸ਼ ਮਹਿਮਾਨ ਪ੍ਰਵਾਸੀ ਭਾਰਤੀ ਅਤੇ ਉੱਘੇ ਸਮਾਜਸੇਵੀ ਹਰਦੀਪ ਸਿੰਘ ਨੁਸ਼ਹਿਰਾ, ਹਰਮਿੰਦਰ ਸਿੰਘ ਕੰਗ ਅਤੇ ਵੱਖ ਵੱਖ ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਰਕੇਸ਼ ਦੱਤ ਕੋਸ਼ੀ ਦਾ ਸਮੂਹ ਸਕੂਲ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਸਵਾਗਤ ਕੀਤਾ ਗਿਆ।ਰਾਕੇਸ਼ ਦੱਤ ਕੋਸ਼ੀ ਵੱਲੋਂ ਵਿਦਿਆਰਥੀਆਂ ਨੂੰ ਪ੍ਰਦੂਸ਼ਣ ਰਹਿਤ ਹਰੀ ਦੀਵਾਲੀ ਮਨਾਉਣ ਲਈ ਸੌਕੜੇ ਹੀ ਫੁੱਲਾਂ ਦੇ ਬੂਟੇ ਵੰਡੇ ਗਏ। ਇਸ ਮੌਕੇ ਸਕੂਲ ਵਿੱਚ ਤਿਆਰ ਹੋਏ ਨਵੇਂ 200 ਮੀਟਰ ਸਪੋਰਟਸ ਟਰੈਕ ਦਾ ਉਦਘਾਟਨ ਵੀ ਆਏ ਹੋਏ ਇਹਨਾਂ ਮਹਿਮਾਨਾਂ ਹਰਦੀਪ ਸਿੰਘ ਨਸ਼ਹਿਰਾ , ਹਰਮਿੰਦਰ ਸਿੰਘ ਕੰਗ ਅਤੇ ਰਕੇਸ਼ ਦੱਤ ਕੋਸ਼ੀ ਵੱਲੋਂ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਕੂਲ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਸਕੂਲ ਦੀ ਜਿੰਦ ਜਾਨ ਪ੍ਰਵਾਸੀ ਭਾਰਤੀ ਕਰਮਜੀਤ ਸਿੰਘ ਸ਼ਾਹੀ ਵੱਲੋਂ ਭੇਜੀ ਖਿਡਾਰੀਆਂ ਲਈ ਸਪੈਸ਼ਲ ਸਹਾਇਤਾ ਰਾਹੀਂ ਸਕੂਲ ਦੇ ਇਸ ਸਾਲ ਦੇ ਵਧੀਆ ਖਿਡਾਰੀਆਂ ਨੂੰ ਉੱਚ ਦਰਜੇ ਦੇ ਟਰੈਕ ਸੂਟ, ਸਪੋਰਟਸ ਸ਼ੂਜ ਅਤੇ ਨਗਦ ਇਨਾਮ ਦਿੱਤੇ ਗਏ।ਪ੍ਰਵਾਸੀ ਭਾਰਤੀ ਹਰਦੀਪ ਸਿੰਘ ਨੁਸ਼ਹਿਰਾ ਵੱਲੋਂ ਵੀ ਸਕੂਲ ਨੂੰ 15000 ਰਪਏ ਦੀ ਨਗਦ ਰਾਸ਼ੀ ਸਕੂਲ ਦੇ ਵਿਕਾਸ ਲਈ ਸਹਾਇਤਾ ਵਜੋਂ ਦਿੱਤੀ।

ਮੋਦੀ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਰਗਾ ਸਲੂਕ ਕਰ ਰਹੀ : ਭਾਟੀਆ

ਫਗਵਾੜਾ (ਡਾ.ਰਮਨ)

ਆਮ ਆਦਮੀ ਪਾਰਟੀ ਵੱਲੋਂ ਕੇਂਦਰ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਖਿਲਾਫ ਚੰਡੀਗੜ੍ਹ ਵਿਖੇ ਕਿਸਾਨਾਂ ਅਤੇ ਆੜ੍ਹਤੀਆਂ ਦੇ ਨਾਲ ਮਿਲ ਕੇ ਕੀਤੇ ਰੋਸ ਮੁਜ਼ਾਹਰੇ ਵਿਚ ਸ਼ਮੂਲੀਅਤ ਕੀਤੀ।।

ਫਗਵਾੜਾ ਵਿਖੇ ਗੱਲਬਾਤ ਕਰਦਿਆਂ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਭਾਟੀਆ ਨੇ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਸਲੂਕ ਕਰ ਰਹੀ ਹੈ। ਕੇਂਦਰੀ ਏਜੰਸੀ ਐਫਸੀਆਈ ਜਾਣਬੁੱਝ ਕੇ ਨਵੀਂ ਝੋਨੇ ਦੀ ਫ਼ਸਲ ਲਈ ਸ਼ੈਲਰਾਂ ਵਿੱਚ ਜਗ੍ਹਾ ਖਾਲੀ ਨਹੀਂ ਕਰ ਰਹੀ ਹੈ। ਜਦਕਿ ਦੂਜੇ ਰਾਜਾਂ ਵਿੱਚ ਕੇਂਦਰੀ ਏਜੰਸੀ ਨੇ ਸ਼ੈਲਰਾਂ ਤੋਂ ਤਿਆਰ ਚਾਵਲ ਚੁੱਕਵਾ ਕੇ ਦੇਸ਼ ਭਰ ਵਿੱਚ ਡਿਸਟ੍ਰੀਬਿਊਟ ਕਰ ਦਿੱਤੇ ਹਨ। ਪੰਜਾਬ ਦੀਆਂ ਮੰਡੀਆਂ ਵਿੱਚ ਪਹੁੰਚਿਆ 160 ਲੱਖ ਮੀਟ੍ਰਿਕ ਟਨ ਝੋਨਾ ਸ਼ੈਲਰਾਂ ਵਿੱਚ ਸਟੋਰ ਕੀਤਾ ਜਾਣਾ ਸੀ। ਜਗ੍ਹਾ ਦੀ ਘਾਟ ਕਾਰਨ ਲਿਫਟਿੰਗ ਦਾ ਕੰਮ ਠੱਪ ਪਿਆ ਹੈ। ਮੰਡੀਆਂ ਵਿੱਚ ਫ਼ਸਲਾਂ ਦੇ ਢੇਰ ਲੱਗੇ ਹੋਏ ਹਨ। ਮੀਂਹ ਪੈਣ 'ਤੇ ਇਸ ਫਸਲ ਦੇ ਖਰਾਬ ਹੋਣ ਦਾ ਖਤਰਾ ਬਣਿਆ ਹੋਇਆ ਹੈ। ਜਿਸ ਕਾਰਨ ਸ਼ੈਲਰ ਮਾਲਕ ਵੀ ਪ੍ਰੇਸ਼ਾਨ ਹਨ ਅਤੇ ਕਿਸਾਨ ਵੀ ਦੁਖੀ ਹਨ। ਇਹ ਸਭ ਕੁਝ ਕਿਸਾਨਾਂ ਵੱਲੋਂ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕੀਤੇ ਜਾ ਰਹੇ ਅੰਦੋਲਨ ਦਾ ਬਦਲਾ ਲੈਣ ਦੀ ਨੀਅਤ ਨਾਲ ਕੀਤਾ ਜਾ ਰਿਹਾ ਹੈ, ਜੋ ਕਿ ਸਰਾਸਰ ਗਲਤ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਖਰੀਦ ਏਜੰਸੀਆਂ ਵੱਲੋਂ ਆੜ੍ਹਤੀਆਂ ਦਾ ਕਮਿਸ਼ਨ ਵੀ ਦੋ ਤੋਂ ਵਧਾ ਕੇ ਢਾਈ ਫੀਸਦੀ ਨਹੀਂ ਕੀਤਾ ਜਾ ਰਿਹਾ। ਚੰਡੀਗੜ੍ਹ ਦੇ ਰੋਸ ਧਰਨੇ 'ਚ ਸ਼ਾਮਲ ਹੋਣ ਲਈ ਉਹਨਾਂ ਦੇ ਨਾਲ ਜਾਣ ਵਾਲਿਆਂ 'ਚ ਜ਼ਿਲਾ ਯੋਜਨਾ ਬੋਰਡ ਦੇ ਚੇਅਰਪਰਸਨ ਲਲਿਤ ਸਕਲਾਨੀ, ਜ਼ਿਲਾ ਕੈਸ਼ੀਅਰ ਹਰੀਓਮ ਗੁਪਤਾ, ਬਲਾਕ ਪ੍ਰਧਾਨ ਫਗਵਾੜਾ ਗੋਪੀ ਬੇਦੀ, ਕੁਲਵਿੰਦਰ ਸਿੰਘ, ਜਤਿੰਦਰ ਸਿੰਘ ਤੇ ਹਰਜੀਤ ਜੋਸ਼ੀ ਵੀ ਸ਼ਾਮਲ ਸਨ।

ਈ ਟੀ ਟੀ 5994 ਬੈਕਲਾਗ ਯਨੀਅਨ ਨੇ ਸਿੱਖਿਆ ਮੰਤਰੀ ਦੇ ਪਿੰਡ ਕਾਲੀ ਦੀਵਾਲੀ ਮਨਾਈ

ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)

ਈ ਟੀ ਟੀ 5994 ਬੈਕਲॉਗ ਯੂਨੀਅਨ ਪੰਜਾਬ ਨੇ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ ਜੋ ਕਿ 22 ਸਤੰਬਰ ਤੋਂ ਪੱਕਾ ਮੋਰਚਾ ਲਗਾ ਕੇ ਗੰਭੀਰਪੁਰ ਬੈਠੇ ਹਨ।ਪਿਛਲੇ ਲਗਭਗ 3 ਸਾਲ ਤੋਂ ਆਪਣੀ 5994 ਭਰਤੀ ਬੈਕਲਾਗ ਸਮੇਤ ਪੂਰੀ ਹੋਣ ਦੀ ਉਡੀਕ ਕਰ ਰਹੀ ਈਟੀਟੀ ਬੇਰੁਜ਼ਗਾਰ 5994 ਅਧਿਆਪਕ ਬੈਕਲॉਗ ਯੂਨੀਅਨ ਪੰਜਾਬ ਨੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ।ਬੈਕਲਾਗ ਯੂਨੀਅਨ ਆਗੂਆਂ ਨੇ ਕਿਹਾ ਹੈ ਕਿ ਜੇਕਰ ਪੰਜਾਬ ਸਰਕਾਰ 5994 ਵਿੱਚਲੇ 2994 ਬੈਕਲॉਗ ਦਾ ਪੁਖਤਾ ਹੱਲ ਜਲਦੀ ਤੋਂ ਜਲਦੀ ਨਹੀਂ ਕਰਦੀ ਤਾਂ ਅਸੀਂ ਕੇਡਰ ਦੇ ਸਹਿਯੋਗ ਨਾਲ ਤਿੱਖੇ ਐਕਸ਼ਨ ਕਰਾਂਗੇ।

ਬੈਕਲਾਗ ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਦੀਪਕ ਅਬੋਹਰ ਨੇ ਦੱਸਿਆ ਕਿ ਈਟੀਟੀ ਕਾਡਰ ਦੀ 5994 ਭਰਤੀ ਦਾ ਇਸ਼ਤਿਹਾਰ ਆਏ ਨੂੰ ਲੱਗਭਗ ਤਿੰਨ ਸਾਲ ਹੋਣ ਜਾ ਰਹੇ ਨੇ ਜਿਸ ਵਿਚ 2994 ਬੈਕਲਾਗ ਪੋਸਟਾਂ ਵੀ ਹਨ, ਪਰ ਅਜੇ ਤੱਕ ਇੱਕ ਵੀ ਉਮੀਦਵਾਰ ਨੂੰ ਜੋਇਨ ਨਹੀਂ ਕਰਵਾਇਆ ਗਿਆ। ਸਿੱਖਿਆ ਮੰਤਰੀ ਸਾਹਿਬ ਨੂੰ ਇਹ ਵੀ ਦੱਸਿਆ ਗਿਆ ਕਿ ਯੋਗ ਉਮੀਦਵਾਰ ਹੋਣ ਦੀ ਸੂਰਤ ਵਿਚ ਬੈਕਲਾਗ ਦੀਆਂ ਬਚਦੀਆਂ ਅਸਾਮੀਆਂ ਨੂੰ ਮੌਜੂਦਾ ਕਨੂੰਨਾਂ ਮੁਤਾਬਕ ਸਬ ਕੈਟਾਗਰੀਆ ਤੋਂ ਮੇਨ ਕੈਟਾਗਰੀਆਂ ਵਿੱਚ ਮਰਜ਼ ਕਰਕੇ ਨਾਲ ਦੀ ਨਾਲ ਭਰਿਆ ਜਾਣਾ ਹੈ।ਯੋਗ ਉਮੀਦਵਾਰ ਹੋਣ ਦੀ ਸੂਰਤ 'ਚ ਬੈਕਲਾਗ ਦੀਆਂ ਬਚਦੀਆਂ ਪੋਸਟਾਂ ਨੂੰ ਕੈਰੀ ਫਾਰਵਰਡ ਨਹੀਂ ਕੀਤਾ ਜਾ ਸਕਦਾ।ਇਹ ਨਿਯਮ ਜਦ ਸਿੱਖਿਆ ਮੰਤਰੀ ਸਾਹਿਬ ਨੂੰ ਦਿਖਾਏ ਤਾਂ ਮੰਤਰੀ ਸਾਹਿਬ ਨੇ ਸਾਡੇ ਵੱਲੋਂ ਤਿਆਰ ਕੀਤੀ ਗਈ ਬੈਕਲॉਗ ਦੀ ਫਾਈਲ

3-Nov-PAGE-8.qxd 11/2/2024 10:28 PM Page 1

ਬਾਬਾ ਵਿਸ਼ਵਕਰਮਾ ਵੱਲੋਂ ਦਿਖਾਇਆ ਰਸਤਾ ਅੱਜ ਵੀ ਮਨੁੱਖਤਾ ਦਾ ਮਾਰਗ-ਦਰਸ਼ਕ : ਮਹਿੰਦਰ ਭਗਤ

ਫਗਵਾੜਾ (ਡਾ ਰਮਨ) ਪੰਜਾਬ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਕਿਹਾ ਹੈ ਕਿ 'ਕਿਰਤ ਦੇ ਦੇਵਤਾ' ਵਜੋਂ ਪੂਜੇ ਜਾਂਦੇ ਬਾਬਾ ਵਿਸ਼ਵਕਰਮਾ ਜੀ ਵਲੋਂ ਸ਼ਿਲਪਕਾਰੀ, ਆਰਕੀਟੈਕਟ ਤੇ ਇੰਜੀਨਅਰਿਗ ਦੇ ਖੇਤਰ ਵਿਚ ਲੋਕਾਈ ਨੂੰ ਦਿਖਾਇਆ ਗਿਆ ਰਸਤਾ ਅੱਜ ਵੀ ਮਨੁੱਖਤਾ ਦਾ ਮਾਰਗ ਦਰਸ਼ਕ ਹੈ, ਜਿਸ ਤੋਂ ਸੇਧ ਲੈ ਕੇ ਅਸੀਂ ਨਰੋਏ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।ਅੱਜ ਇੱਥੇ 114 ਸਾਲ ਪੁਰਾਣੇ ਸ਼੍ਰੋਮਣੀ ਸ੍ਰੀ ਵਿਸ਼ਵਕਰਮਾ ਮੰਦਿਰ ਫਗਵਾੜਾ ਵਿਖੇ ਵਿਸ਼ਵਕਰਮਾ ਪੂਜਾ ਮਹਾਂਉਤਸਵ ਵਿਚ ਸ਼ਿਰਕਤ ਕਰਨ ਮੌਕੇ ਉਨ੍ਹਾਂ ਮੰਦਿਰ ਵਿਖੇ ਮੱਥਾ ਟੇਕਿਆ ਤੇ ਲੋਕਾਂ ਨੂੰ ਵਿਸ਼ਵਕਰਮਾ ਦਿਵਸ ਮੌਕੇ ਮੁਬਾਰਕਬਾਦ ਦਿੱਤੀ।

ਉਨ੍ਹਾਂ ਮੰਦਿਰ ਕਮੇਟੀ ਵਲੋਂ ਸਿਹਤ ਦੇ ਖੇਤਰ ਵਿਚ ਕੀਤੇ ਜਾ ਰਹੇ ਲਾਮਿਸਾਲ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੰਦਿਰ ਕਮੇਟੀ ਨੂੰ ਸੇਵਾ ਕਾਰਜਾਂ ਲਈ ਹਰ ਸੰਭਵ ਸਹਿਯੋਗ ਦੇਣ ਲਈ ਵਚਨਬੱਧ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸ੍ਰੀ ਵਿਸ਼ਵਕਰਮਾ ਚੈਰੀਟੇਬਲ ਹਸਪਤਾਲ ਵਿਖੇ ਰੋਜ਼ਾਨਾ 350 ਤੋਂ ਵੱਧ ਮਰੀਜਾਂ ਦੀ ਸਿਹਤ ਜਾਂਚ ਹੁੰਦੀ ਹੈ ਜਦਕਿ ਕੋਵਿਡ ਦੇ ਸਮੇਂ ਦੌਰਾਨ ਹਸਪਤਾਲ ਵਲੋਂ ਟੀਕਾਕਰਨ ਵਿਚ ਵੱਡੀ ਭੂਮਿਕਾ ਨਿਭਾਈ ਗਈ। ਇਸ ਤੋਂ ਇਲਾਵਾ ਤਕਨੀਕੀ ਸਿੱਖਿਆ ਦੇ ਖੇਤਰ ਵਿਚ ਮੰਦਿਰ ਕਮੇਟੀ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ।ਕੈਬਨਿਟ ਮੰਤਰੀ ਨੇ ਕਿਹਾ ਕਿ ਮੰਦਿਰ ਕਮੇਟੀ ਵਲੋਂ ਰੱਖੀਆਂ ਗਈਆਂ ਮੰਗਾਂ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਉਠਾਉਣਗੇ ਤਾਂ ਜੋ ਉਨ੍ਹਾਂ ਨੂੰ ਬਹੁਤ ਜਲਦ ਪੂਰਾ ਕੀਤਾ ਜਾ ਸਕੇ। ਮੰਦਿਰ ਕਮੇਟੀ ਵਲੋਂ ਕੈਬਨਿਟ ਮੰਤਰੀ ਦਾ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਉਪ ਚੇਅਰਮੈਨ ਤੇ ਹਲਕਾ ਫਿਲੌਰ ਦੇ ਇੰਚਾਰਜ ਪ੍ਰੇਮ ਕੁਮਾਰ, ਫਗਵਾੜਾ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ, ਮੰਦਰ ਕਮੇਟੀ ਦੇ ਉਪ ਪ੍ਰਧਾਨ ਗੁਰਮੁੱਖ ਸਿੰਘ ਨਾਮਧਾਰੀ, ਆਮ ਆਦਮੀ ਪਾਰਟੀ ਦੇ ਸਪੋਕਸਮੈਨ ਹਰਨੂਰ ਸਿੰਘ ਹਰਜੀ ਮਾਨ ਤੇ ਹੋਰ ਹਾਜ਼ਰ ਸਨ।

ਨਗਰ ਕੌਂਸਲ ਪ੍ਰਧਾਨ ਨੇ ਮੁਲਾਜ਼ਮਾਂ ਨੂੰ ਦਿੱਤੀਆਂ ਸ਼ੁਭਕਾਮਨਾਵਾਂ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦ)- ਦੀਵਾਲੀ, ਬੰਦੀ ਛੋੜ ਦਿਵਸ ਅਤੇ ਬਾਬਾ ਵਿਸ਼ਵਕਰਮਾ ਡੇ 'ਤੇ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਆਪਣੇ ਮੁਲਾਜ਼ਮਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਤੇ ਕਿਹਾ ਕਿ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਸਾਫ ਅਤੇ ਸੁੰਦਰ ਬਣਾਉਣ ਵਿੱਚ ਸਾਡੇ ਨਗਰ ਕੌਂਸਲ ਦੇ ਮੁਲਾਜ਼ਮਾਂ ਦਾ ਸਭ ਤੋਂ ਵੱਡਾ ਯੋਗਦਾਨ ਹੈ ਅਤੇ ਮੈਂ ਇਹਨਾਂ ਦੇ ਖੁਸ਼ੀ ਅਤੇ ਸੁਖ ਦੁਖ ਵਿੱਚ ਸਦਾ ਹੀ ਇਹਨਾਂ ਦੇ ਨਾਲ ਖੜਾ ਹਾਂ । ਇਸ ਮੌਕੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਆਪਣੇ ਸਾਰੇ ਨਗਰ ਕੌਂਸਲ ਦੇ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਮਠਿਆਈ ਅਤੇ ਤੋਹਫੇ ਦਿੱਤੇ । ਇਸ ਮੌਕੇ ਪਰਮਜੀਤ ਸੋਨੂ, ਵਿਜੇ ਕੁਮਾਰ, ਗਗਨ, ਪਰਮਜੀਤ ਬੱਬੀ, ਰਜਿੰਦਰ ਮਾਲਿਕ, ਸੁਰਜੀਤ ਸਿੰਘ, ਰੋਹਿਤ ਕੁਮਾਰ, ਲੋਕੇਸ਼ ਕੁਮਾਰ, ਰਕੇਸ਼ ਪਿਕੀ, ਬਲਵੀਰ ਬਿੰਦੀ, ਵਿਕਾਸ, ਸੰਦੀਪ ਚੰਡਲੀਆ, ਪ੍ਰਿੰਸ ਕੁਮਾਰ, ਸਾਗਰ, ਕਾਲੀ, ਸਤੀਸ਼ ਫੌਜੀ, ਬਲਵਿੰਦਰ ਸਿੰਘ, ਸ਼ਾਮ ਲਾਲ ਕਰੂਰਾ, ਅਨਿਲ ਕੁਮਾਰ ਰਾਣਾ, ਬਲਜੀਤ ਸਿੰਘ, ਸੰਜੀਵ ਕੁਮਾਰ, ਗੋਬਿੰਦ ਸਿੰਘ ਭਗਵੰਤ ਸਿੰਘ, ਰਾਮ ਗੋਪਾਲ, ਰਮੇਸ਼ਵਰ ਸੋਨੀ ਤੇ ਹਰਦੇਵ ਹੈਪੀ ਹਾਜ਼ਰ ਸਨ।

ਖੇਡ ਮੰਤਰਾਲਾ ਪਹਿਲਵਾਨਾਂ ਦੇ ਮਸਲੇ ਨੂੰ ਗੰਭੀਰਤਾ ਨਾਲ ਲਵੇ : ਰਵੀ ਸ਼ਰਮਾ

ਚੰਡੀਗੜ੍ਹ 2 ਨਵੰਬਰ (ਕੁਰਾਲੀ ਮੋਹਨ ਅੱਗਰਵਾਲ) ਜਿਹੜੇ ਪਹਿਲਵਾਨ ਪਹਿਲਾਂ ਪਹਿਲਵਾਨਾਂ ਦੀਆਂ ਮੰਗਾਂ ਨੂੰ ਕੇ ਧਰਨੇ ਮੁਜ਼ਾਹਰੇ ਕਰਦੇ ਸਨ ਅੱਜ ਪਤਾ ਨਹੀਂ ਕਿਉਂ ਉਹ ਹੀ ਪਹਿਲਵਾਨਾਂ ਦੇ ਵੈਰੀ ਬਣੇ ਹਨ ਅਤੇ ਪਹਿਲਵਾਨਾਂ ਦਾ ਭਵਿੱਖ ਖਰਾਬ ਕਰਨ ਦੀਆਂ ਸਾਜ਼ਸ਼ਾਂ ਘੜ ਰਹੇ ਹਨ,ਇਸ ਗੱਲ ਦਾ ਪ੍ਰਗਟਾਵਾ ਭਾਰਤੀ ਕੁਸ਼ਤੀ ਸੰਘ ਦੇ ਨੁਮਾਇੰਦੇ, ਸਮਾਜ ਸੇਵੀ, ਖੇਡ ਪ੍ਰੋਮੋਟਰ ਅਤੇ ਦਾਸ ਐਸੋਸੀਏਟ ਦੇ ਸੰਚਾਲਕ ਪਹਿਲਵਾਨ ਸ੍ਰੀ ਰਵੀ ਸ਼ਰਮਾ ਨੇ ਪਿਛਲੇ ਦਿਨਾਂ ਤੋਂ ਪਹਿਲਵਾਨਾਂ ਨੂੰ ਲੈ ਕੇ ਚੱਲ ਰਹੇ ਇਕ ਵਿਵਾਦ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਾਖਸ਼ੀ ਮਲਿਕ, ਬਜਰੰਗ ਪੂਨੀਆ, ਵਿਨੇਸ਼ ਫੋਗਟ ਅਤੇ ਸੱਤਿਆ ਵਰਤ ਕਦਿਆਨ ਨੇ ਦਿੱਲੀ ਦੀ ਵੱਡੀ ਕੋਰਟ ਵਿੱਚ ਇੱਕ ਪਟੀਸ਼ਨ ਪਾ ਕੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਭਾਰਤ ਦੀ ਕੁਸ਼ਤੀ ਟੀਮ ਦੇ ਅੰਡਰ 23 ਅਤੇ ਸੀਨੀਅਰ ਪਹਿਲਵਾਨਾਂ ਦੇ ਹਿੱਸਾ ਲੈਣ 'ਤੇ ਰੋਕ ਲਗਵਾਈ ਹੈ। ਆਖਰਕਾਰ ਖੇਡ ਮੰਤਰਾਲਾ ਦੀਆਂ ਕੋਸ਼ਿਸ਼ਾਂ ਨੇ ਰੰਗ ਲਿਆਂਦਾ ਅਤੇ ਭਾਰਤ ਦੇ ਪਹਿਲਵਾਨਾਂ ਦੀ ਟੀਮ ਅਲਬਾਨੀਆ ਵਿੱਚ ਹੋ ਰਹੀ ਵਿਸ਼ਵ ਚੈਂਪੀਅਨਸ਼ਿਪ ਵਿਚ ਭਾਗ ਲੈਣ ਪੁੱਜੀ ਅਤੇ ਜਾਂਦਿਆਂ ਹੀ ਵਧੀਆ ਪ੍ਰਦਰਸ਼ਨ ਕਰਦਿਆਂ ਮੈਡਲਾਂ ਦੀ ਝੜੀ ਲਾ ਦਿੱਤੀ।ਭਾਰਤ ਦੀ ਕੁਸ਼ਤੀ ਟੀਮ ਨੇ ਕੁੱਲ 9 ਮੈਡਲ ਜਿੱਤ ਕੇ ਦੇਸ਼ ਦੀ ਝੋਲੀ ਪਾਏ ਹਨ। ਜਿਨ੍ਹਾਂ ਵਿੱਚ ਚਿਰਾਗ ਪਹਿਲਵਾਨ ਨੇ ਫ੍ਰੀ ਸਟਾਇਲ ਵਿੱਚ ਦੇਸ਼ ਲਈ ਦੂਸਰਾ ਸੋਨੇ ਦਾ ਤਗਮਾ ਜਿੱਤਿਆ ਹੈ।ਇਸ ਤੋਂ ਪਹਿਲਾਂ ਮੈਡਲ ਜਿੱਤਣ ਦਾ ਕਾਰਨਾਮਾ ਅਮਨ ਪਹਿਲਵਾਨ ਨੇ ਕੀਤਾ ਹੈ।ਇਥੇ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਆਖਰ ਇਹ ਧਰਨਾ ਜੀਵੀ ਪਹਿਲਵਾਨ ਨਵੇਂ ਪਹਿਲਵਾਨਾਂ ਨੂੰ ਖੇਲਣ ਕਿਉਂ ਨਹੀਂ ਦੇ ਰਹੇ? ਸ਼ਾਇਦ ਇਹ ਨਹੀਂ ਚਾਹੁੰਦੇ ਕਿ ਦੇਸ਼ ਵਿੱਚ ਉਨ੍ਹਾਂ ਵਰਗਾ ਕੋਈ ਹੋਰ, ਬਜਰੰਗ, ਵਿਨੇਸ਼, ਸਾਖਸ਼ੀ ਜਾਂ ਸੱਤਿਆ ਵਰਤ ਵਰਗਾ ਬਣੇ।ਉਨ੍ਹਾਂ ਦੱਸਿਆ ਕਿ ਅੱਜ ਦੁਨੀਆਂ ਵਿੱਚ ਕੁਸ਼ਤੀ ਹੀ ਇੱਕ ਐਸੀ ਖੇਡ ਹੈ ਜਿਸ ਵਿੱਚ ਓਲੰਪਿਕ ਖੇਡਾਂ ਵਿੱਚ ਮੈਡਲ ਜਿੱਤਣ ਦੀ ਆਸ ਨੂੰ ਲੈ ਪਹਿਲਵਾਨਾਂ ਵੱਲੋਂ ਸਖ਼ਤ ਅਭਿਆਸ ਕੀਤਾ ਜਾ ਰਿਹਾ ਹੈ।ਬਹੁਤ ਸੁਪਨੇ ਪਹਿਲਵਾਨਾਂ ਨੇ, ਉਨ੍ਹਾਂ ਦੇ ਪਰਿਵਾਰ ਅਤੇ ਉਸਤਾਦਾਂ ਨੇ ਸੰਜੋਏ ਹੁੰਦੇ ਹਨ, ਜਿਨਾਂ ਨੂੰ ਇਹ ਧਰਨਾ ਜੀਵੀ ਹਰ ਵਾਰ ਤੋੜਨ ਦੀਆਂ ਪੂਰਜ਼ੋਰ ਕੋਸ਼ਿਸ਼ਾਂ ਕਰ ਰਹੇ ਹਨ। ਕੁਸ਼ਤੀ ਖੇਤਰ ਪਿਛਲੇ ਮਹੀਨਿਆਂ ਤੋਂ ਵਿਵਾਦਾਂ ਵਿੱਚ ਹੈ, ਜਿਸ ਦੇ ਜ਼ਿੰਮੇਵਾਰ ਇਹ ਧਰਨਾ ਜੀਵੀ ਪਹਿਲਵਾਨ ਹਨ। ਜੇਕਰ ਇਨ੍ਹਾਂ ਵੱਲੋਂ ਕੋਈ ਅੜਚਨ ਨਾ ਪੈਦਾ ਕੀਤੀ ਹੁੰਦੀ ਤਾਂ ਦੇਸ਼ ਲਈ ਓਲੰਪਿਕ ਖੇਡਾਂ ਵਿੱਚ ਇਕੱਲੀ ਕੁਸ਼ਤੀ ਦੇ 3 ਤੋਂ 4 ਮੈਡਲ ਆਉਂਦੇ।ਰਵੀ ਸ਼ਰਮਾ ਨੇ ਕਿਹਾ ਕਿ ਆਉਣ ਵਾਲੀਆਂ ਓਲੰਪਿਕ ਖੇਡਾਂ ਵਿੱਚ ਭਾਰਤੀ ਪਹਿਲਵਾਨ ਮੈਡਲਾਂ ਦੀ ਝੜੀ ਲਾ ਦੇਣਗੇ।ਪਰ ਸ਼ਾਇਦ ਧਰਨਾ ਜੀਵੀ ਪਹਿਲਵਾਨ ਨਹੀਂ ਚਾਹੁੰਦੇ ਕਿ ਕੋਈ ਹੋਰ ਪਹਿਲਵਾਨ ਦੇਸ਼ ਲਈ ਮੈਡਲ ਜਿੱਤ ਕੇ ਲਿਆਵੇ।ਸ਼ਾਇਦ ਸਾਖਸ਼ੀ ਮਲਿਕ ਇਸ ਦੇਸ਼ ਦੀ ਪਹਿਲੀ ਤੇ ਆਖਰੀ ਓਲੰਪਿਕ ਤਗਮਾ ਜੇਤੂ ਪਹਿਲਵਾਨ ਬਣੀ ਰਹਿਣਾ ਚਾਹੁੰਦੀ ਹੈ ਤਾਂ ਹੀ ਉਹ ਇਸ ਤਰ੍ਹਾਂ ਦੀਆਂ ਕੁਸ਼ਤੀ 'ਤੇ ਰੋਕਾਂ ਲਗਵਾ ਕੇ ਆਉਣ ਵਾਲੀ ਪਹਿਲਵਾਨ ਪੀੜ੍ਹੀ ਨੂੰ ਖਤਮ ਕਰਨਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ 1952 ਤੋਂ ਬਾਅਦ ਕੁਸ਼ਤੀ ਵਿੱਚ ਓਲੰਪਿਕ ਵਿਚ ਭਾਰਤ ਨੂੰ ਮੈਡਲ ਲਿਆਉਣ ਲਈ 56 ਸਾਲ ਲੱਗੇ ਹਨ ਅਤੇ ਸ਼ਾਇਦ ਸਾਖਸ਼ੀ ਇਹ ਹੀ ਚਾਹੁਦੀ ਹੋਵੇ ਕਿ ਮਹਿਲਾ ਕੁਸ਼ਤੀ ਵਿੱਚ ਓਲੰਪਿਕ ਖੇਡਾਂ ਵਿੱਚ ਮੈਡਲ ਜਿੱਤਣ ਲਈ ਇਸੇ ਤਰ੍ਹਾਂ ਦਹਾਕੇ ਲੱਗ ਜਾਣ ਤਾਂ ਕਿ ਉਹ ਇਸ ਦੇਸ਼ ਦੀ ਪਹਿਲੀ ਓਲੰਪਿਕ ਤਗਮਾ ਜੇਤੂ ਬਣੀ ਰਹੇ।ਇਸ ਮੌਕੇ ਸ੍ਰੀ ਰਵੀ ਸ਼ਰਮਾ ਤੋਂ ਇਲਾਵਾ ਮੁੱਲਾਂਪੁਰ ਗਰੀਬਦਾਸ ਕੁਸ਼ਤੀ ਅਖਾੜਾ ਦੇ ਸੰਚਾਲਕ ਗੋਲੂ ਪਹਿਲਵਾਨ, ਮੈਂਬਰ ਧਰਮਿੰਦਰ ਸਿੰਘ ਮੁੱਲਾਂਪੁਰ, ਸ਼ੇਰ ਸਿੰਘ ਮੱਲ,ਸਿਤਾਰ ਮੁਹੰਮਦ, ਗੁਰਜੀਤ ਪੂਨੀਆ, ਸਰਬਜੀਤ, ਪ੍ਰਿੰਸ, ਗੁਰੀ ਅਤੇ ਪਿੰਡ ਦੇ ਮੋਹਤਬਰਾਂ ਤੋਂ ਇਲਾਵਾ ਹੋਰ ਵੀ ਖੇਡ ਪ੍ਰੇਮੀਆਂ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਲਈ ਖੇਡ ਮੰਤਰਾਲਾ ਨੂੰ ਅਪੀਲ ਕੀਤੀ ਤਾਂ ਜੋ ਭਵਿੱਖ ਵਿੱਚ ਪਹਿਲਵਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ।

ਐੱਲ ਪੀ ਯੂ ਕੈਂਪਸ 'ਚ ਦੀਵਾਲੀ ਦਾ ਤਿਉਹਾਰ ਮਨਾਇਆ

ਜਲੰਧਰ (ਸ਼ੈਲੀ ਐਲਬਰਟ)-ਐਲ ਪੀ ਯੂ ਵਿੱਚ, ਦੀਵਾਲੀ ਦੀ ਭਾਵਨਾ ਇੱਕ ਜੀਵੰਤ ਜਸ਼ਨ ਨੂੰ ਜਗਾਉਂਦੀ ਹੈ ਜਿੱਥੇ ਵਿਦਿਆਰਥੀ ਦੋਸਤੀ ਅਤੇ ਪਰੰਪਰਾ ਦਾ ਜਸ਼ਨ ਮਨਾਉਣ ਲਈ ਇਕੱਠੇ ਹੁੰਦੇ ਹਨ, ਹਰ ਕਿਸੇ ਨੂੰ ਇਸ ਤਿਉਹਾਰ ਦੇ ਸੀਜ਼ਨ ਵਿੱਚ ਵੱਡਾ ਸੋਚਣ ਅਤੇ ਸਕਾਰਾਤਮਕ ਤਬਦੀਲੀ ਲਿਆਉਣ ਲਈ ਉਤਸ਼ਾਹਿਤ ਕਰਦੇ ਹਨ। ਕੈਂਪਸ ਨੂੰ ਰੰਗ-ਬਰੰਗੀਆਂ ਰੰਗੋਲੀ ਅਤੇ ਜਗਮਗਾਉਂਦੀਆਂ ਲਾਈਟਾਂ ਨਾਲ ਸਜਾਇਆ ਗਿਆ ਅਤੇ ਵਿਦਿਆਰਥੀਆਂ ਨੇ ਦੀਵਿਆਂ ਦੇ ਹਾਰਾਂ ਨਾਲ ਤਿਉਹਾਰ ਨੂੰ ਸਜਾਇਆ। ਉਨ੍ਹਾਂ ਨੇ ਇਸ ਸ਼ੁਭ ਮੌਕੇ ਦੇ ਤੱਤ ਨੂੰ ਰੂਪਮਾਨ ਕਰਦੇ ਹੋਏ, ਪਿਆਰ ਅਤੇ ਸ਼ੁਕਰਗੁਜ਼ਾਰੀ ਦਾ ਇਜ਼ਹਾਰ ਕਰਕੇ ਨਾ ਸਿਰਫ ਸਥਾਨ ਨੂੰ, ਸਗੋਂ ਦਿਲਾਂ ਨੂੰ ਖੁਸ਼ੀ ਅਤੇ ਸਦਭਾਵਨਾ ਨਾਲ ਰੌਸ਼ਨ ਕੀਤਾ।

ਯਾਦਗਾਰੀ ਹੋ ਨਿੱਬੜੀ ਪ੍ਰਭ ਆਸਰਾ ਦੀ ਅਨੋਖੀ ਦੀਵਾਲੀ

ਕੁਰਾਲ਼ੀ (ਕੁਰਾਲੀ ਮੋਹਨ ਅੱਗਰਵਾਲ)- ਭਾਈ ਸ਼ਮਸ਼ੇਰ ਸਿੰਘ ਦੀ ਯੋਗ ਅਗਵਾਈ ਵਿੱਚ ਲੋਕ-ਪੱਖੀ ਕਾਰਜਾਂ ਖਾਸਕਰ ਲਾਵਾਰਸ ਅਤੇ ਬੇਸਹਾਰਾ ਨਾਗਰਿਕਾਂ ਦੇ ਇਲਾਜ, ਸਾਂਭ-ਸੰਭਾਲ ਅਤੇ ਮੁੜ-ਵਸੇਬੇ ਲਈ ਨਿਰੰਤਰ ਕਾਰਜਸ਼ੀਲ ਸੰਸਥਾ ਪ੍ਰਭ ਆਸਰਾ ਦੀ ਦੀਵਾਲੀ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਯਾਦਗਾਰੀ ਹੋ ਨਿੱਬੜੀ।ਸੰਸਥਾ ਮੁਖੀ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਇਸ ਤਿਉਹਾਰ ਮੌਕੇ ਉਨ੍ਹਾਂ ਦੇ ਸਾਂਝੇ ਪਰਿਵਾਰ ਦੇ ਜੀਆਂ ਨੇ ਆਨੰਦ ਮਾਣਦੇ ਹੋਏ ਖੂਬ ਰੌਣਕਾਂ ਲਾਈਆਂ। ਸਵੇਰੇ 09:00 ਵਜੇ ਤੋਂ ਹੀ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ਼ ਖੇਡਾਂ ਸ਼ੁਰੂ ਕਰ ਦਿੱਤੀਆਂ ਗਈਆਂ, ਜਿਨ੍ਹਾਂ ਵਿਚ ਹਾਸਰਸ ਖੇਡਾਂ ਆਵਲਾਂ-ਚਮਚ ਦੌੜ, ਲੰਗੜੀ ਦੌੜ, ਗੋਂਦਾਂ ਦੀ ਅਦਲਾ-ਬਦਲੀ ਦੌੜ, ਸੰਗੀਤਕ-ਕੁਰਸੀ ਦੌੜ, ਟਿਸ਼ੂ-ਪੇਪਰ ਦੌੜ ਆਦਿ ਨਾਲ਼ ਬਣੇ ਖੂਬਸੂਰਤ ਮਾਹੌਲ 'ਚ ਖਿਡਾਰੀਆਂ ਦੇ ਨਾਲ਼-ਨਾਲ਼ ਦਰਸ਼ਕਾਂ ਦੇ ਵੀ ਹਸਾ ਹਸਾ ਕੇ ਢਿੱਡੀਂ ਪੀੜਾਂ ਪਾ ਕੇ ਰੱਖੀਆਂ।ਵ੍ਹੀਲ ਚੇਅਰ ਦੌੜਾਂ ਖਿੱਚ ਦਾ ਕੇਂਦਰ ਬਣੀਆਂ ਰਹੀਆਂ। ਕਾਰਜਕਾਰੀ ਬੀਬੀਆਂ ਅਤੇ ਨਾਰਮਲ ਬੱਚਿਆਂ ਵੱਲੋਂ ਕੁਦਰਤੀ ਰੰਗਾ ਨਾਲ਼ ਬਣਾਈਆਂ ਰੰਗੋਲੀਆਂ ਤੇ ਕੀਤੀਆਂ ਸ਼ਾਨਦਾਰ ਸਜਾਵਟਾਂ ਐਨੀਆਂ ਪ੍ਰਭਾਵਸ਼ਾਲੀ ਰਹੀਆਂ ਕਿ ਇਹਨਾਂ ਨਾਲ਼ ਸਾਰੇ, ਖਾਸ ਕਰਕੇ ਬਾਹਰੋਂ ਆਏ ਸੱਜਣ ਫੋਟੋਆਂ/ਸੈਲਫੀਆਂ ਲੈਂਦੇ ਰਹੇ।

ਬੰਦੀ ਛੋੜ ਦਿਵਸ ਨੂੰ ਸਮਰਪਿਤ ਕੀਰਤਨ ਦਰਬਾਰ ਕਰਵਾਇਆ

ਆਦਮਪੁਰ (ਪਰਮਜੀਤ ਸਿੰਘ)-ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ ਡਰੋਲੀ ਕਲਾਂ ਵਿਖੇ ਬੰਦੀਛੋੜ ਦਿਵਸ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਕਰਵਾਇਆ ਗਿਆ।ਪ੍ਰਧਾਨ ਜਥੇਦਾਰ ਮਨੋਹਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਦੌਰਾਨ ਭਾਈ ਤਰਸੇਮ ਸਿੰਘ ਗੁਰਦੁਆਰਾ ਸ਼ਹੀਦ ਬਾਬਾ ਮਤੀ ਸਾਹਿਬ ਜੀ ਰਾਗੀ ਜੱਥਾ ਗਿ: ਸਤਵਿੰਦਰ ਸਿੰਘ ਖਾਲਸਾ ਡਰੋਲੀ ਕਲਾਂ, ਭਾਈ ਸੁਖਜੀਤ ਸਿੰਘ ਬਾਬਾ ਬਕਾਲੇ ਵਾਲੇ, ਭਾਈ ਭੁਪਿੰਦਰ ਸਿੰਘ , ਭਾਈ ਤਜਿੰਦਰ ਸਿੰਘ ਦੇ ਰਾਗੀ ਜਥਿਆਂ ਵੱਲੋਂ ਆਈਆਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਮਾਸਟਰ ਸੁਰਜੀਤ ਸਿੰਘ ਵਲੋਂ ਨਿਭਾਈ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਵੀਰ ਪਾਲ ਸਿੰਘ, ਜਰਨੈਲ ਸਿੰਘ,ਕਰਮ ਸਿੰਘ, ਨਰਿੰਦਰ ਸਿੰਘ, ਸੁਰਿੰਦਰ ਸਿੰਘ,ਇਕਬਾਲ ਸਿੰਘ, ਦਰਸ਼ਨ ਸਿੰਘ, ਮਨਦੀਪ ਸਿੰਘ, ਗੁਰਜੀਤ ਸਿੰਘ ਅਤੇ ਇਲਾਕੇ ਦੀਆਂ ਹੋਰ ਸੰਗਤਾਂ ਹਾਜ਼ਰ ਸਨ।

ਬਦਲਦੇ ਮੌਸਮ 'ਚ ਇੰਝ ਕਰੋ ਆਪਣੀ ਚਮੜੀ ਦੀ ਸੰਭਾਲ : ਡਾ. ਸੰਧੂ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਸੰਧੂ ਹਸਪਤਾਲ ਚੰਡੀਗੜ੍ਹ ਰੋਡ ਦੇ ਡਾਕਟਰ ਜੋਤਨਿੰਦਰ ਸਿੰਘ ਸੰਧੂ, ਡਾਕਟਰ ਗੁਰਜੀਤ ਕੌਰ ਸੰਧੂ ਨੇ ਕਿਹਾ ਕਿ ਬਦਲਦੇ ਮੌਸਮ ਦਾ ਅਸਰ ਵਿਅਕਤੀ ਦੀ ਸਿਹਤ 'ਤੇ ਹੀ ਨਹੀਂ ਸਗੋਂ ਵਾਲਾਂ ਅਤੇ ਚਮੜੀ 'ਤੇ ਵੀ ਦਿਖਾਈ ਦਿੰਦਾ ਹੈ, ਜਿਸ ਕਾਰਨ ਗਰਮੀਆਂ ਤੋਂ ਸਰਦੀਆਂ 'ਚ ਮੌਸਮ ਬਦਲਦੇ ਹੀ ਚਮੜੀ ` ਬੇਜਾਨ ਲੱਗਦੀ ਹੈ,ਜਿਸ ਕਾਰਨ ਕਈ ਵਾਰ ਚਮੜੀ 'ਤੇ ਸਫੇਦ ਛਿੱਲੜ ਵੀ ਆਉਣ ਲੱਗ ਜਾਂਦੇ ਹਨ। ਡਾਕਟਰ ਗੁਰਜੀਤ ਕੌਰ ਸੰਧੂ ਨੇ ਕਿਹਾ ਕਿ ਕਈ ਵਾਰ ਚਮੜੀ 'ਤੇ ਲਾਲ ਧੱਬੇ ਨਜ਼

3-Nov-Sunday.qxd 11/2/2024 8:37 PM Page 1

ਦਹਿਸ਼ਤਗਰਦੀ ਦਾ ਫਰਜ਼ੀ ਠੱਪਾ
(ਆਖਰੀ ਸਫ਼ੇ 'ਤੇ)

ਨਵਾਂ ਜ਼ਮਾਨਾ
ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 3 ਨਵੰਬਰ 2024

www.nawanzamana.in

ਕੀਮਤ 5.00 ਰੁਪਏ

ਕਿਤਾਬਾਂ, ਮੈਗਜ਼ੀਨ
ਵਾਜਿਬ ਰੇਟਾਂ 'ਤੇ ਸੁੰਦਰ
ਅਤੇ ਵਧੀਆ ਛਪਾਈ
ਲਈ ਸੰਪਰਕ ਕਰੋ:
ਬਾਗਪੁਰ ਪ੍ਰਿੰਟਰਜ਼, ਜਲੰਧਰ
94174 27538

ਅਮਰੀਕਾ ਵੱਸਦੇ ਰਹੇ ਮਰਹੂਮ ਵੇਦ ਪ੍ਰਕਾਸ਼ 'ਵਟੁਕ' ਡੀ. ਲਿਟ ਡਾਇਰੈਕਟਰ ਫੋਕਲੋਰ ਇੰਸਟੀਚਿਊਟ ਬਰਕਲੇ, ਕੈਲੇਫੋਰਨੀਆ ਨੇ ਬੜੀ ਦੇਰ ਪਹਿਲਾਂ ਗ਼ਦਰ ਪਾਰਟੀ ਬਾਰੇ ਇਕ ਲੇਖ 'ਭਾਰਤ ਦਾ ਆਜ਼ਾਦੀ ਸੰਗਰਾਮ ਅਤੇ ਗ਼ਦਰ ਪਾਰਟੀ ਦਾ ਸਾਹਿਤ' ਲਿਖਿਆ ਸੀ। ਉਸ ਵਿੱਚ ਇੱਕ ਵਿਸ਼ੇਸ਼ ਹਿੱਸਾ, ਇੰਨ-ਬਿੰਨ, ਜਿਹੜਾ ਅੱਜ ਵੀ ਅਹਿਮੀਅਤ ਰੱਖਦਾ ਹੈ, ਗ਼ਦਰ ਪੇਪਰ ਦੀ ਪੂਰਵ ਸੰਧਿਆ 'ਤੇ ਪਾਠਕਾਂ ਹਿੱਤ ਪੇਸ਼ ਹੈ।

ਗ਼ਦਰ ਪਾਰਟੀ ਦੀ ਸ਼ੁਰੂਆਤ

ਡਾ. ਵੇਦ ਪ੍ਰਕਾਸ਼ 'ਵਟੁਕ'

ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ 'ਗ਼ਦਰ ਪਾਰਟੀ' ਦੀ ਭੂਮਿਕਾ ਇਤਿਹਾਸ ਦਾ ਇਕ ਸੁਨਹਿਰੀ ਹਿੱਸਾ ਹੈ। 19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਕੁਝ ਹਜ਼ਾਰ ਭਾਰਤੀ, ਬਹੁਤੇ ਪੰਜਾਬੀ ਤੇ ਉਨ੍ਹਾਂ ਵਿੱਚੋਂ ਵੀ 90 ਫ਼ੀਸਦੀ ਸਿੱਖ ਅਮਰੀਕਾ ਅਤੇ ਕੈਨੇਡਾ ਗਏ ਸਨ। ਬਹੁਤੀ ਗਿਣਤੀ ਪੰਜਾਬੀ ਕਿਸਾਨਾਂ ਤੇ ਮਜ਼ਦੂਰਾਂ ਦੀ ਸੀ। ਉਨ੍ਹਾਂ ਨੇ ਬਹੁਤ ਸਾਰੇ ਲੋਕਾਂ ਤੋਂ ਕੈਨੇਡਾ ਅਤੇ ਅਮਰੀਕਾ ਦੀਆਂ ਖੁੱਲ੍ਹੀਆਂ-ਡੁੱਲ੍ਹੀਆਂ ਜ਼ਮੀਨਾਂ ਬਾਰੇ ਸੁਣਿਆ ਹੋਇਆ ਸੀ ਅਤੇ ਉਥੇ ਮਜ਼ਦੂਰੀ ਵੀ ਭਾਰਤ ਦੀ ਨਿਸਬਤ ਕਿਤੇ ਵੱਧ ਸੀ। ਇਹ ਉਹ ਸਮਾਂ ਸੀ ਜਦੋਂ ਬਰਤਾਨਵੀ ਸਾਮਰਾਜ ਦੀਆਂ ਗਲਤ ਨੀਤੀਆਂ ਕਾਰਨ ਭਾਰਤ ਦੀ ਆਰਥਿਕ ਹਾਲਤ ਬਹੁਤ ਬੁਰੀ ਤਰ੍ਹਾਂ ਤਹਿਸ-ਨਹਿਸ ਹੋ ਚੁੱਕੀ ਸੀ। ਕਿਸਾਨ ਕਰਜ਼ੇ ਦੇ ਬੋਝ ਹੇਠ ਦੱਬੇ ਜਾ ਰਹੇ ਸਨ। ਘਰੇਲੂ ਉਦਯੋਗ ਤੇ ਹੋਰ ਛੋਟੇ-ਮੋਟੇ ਧੰਦੇ ਬੰਦ ਹੋ ਚੁੱਕੇ ਸਨ ਜਾਂ ਬੰਦ ਹੋ ਰਹੇ ਸਨ। ਪਲੇਗ, ਹੈਜ਼ਾ ਵਰਗੀਆਂ ਮਹਾਂਮਾਰੂ ਬਿਮਾਰੀਆਂ ਅਤੇ ਭਿਆਨਕ ਕਾਲ ਪੈ ਜਾਣ ਕਰਕੇ ਆਬਾਦੀ ਦਾ ਬਹੁਤ ਵੱਡਾ ਹਿੱਸਾ ਮੌਤ ਦੇ ਮੂੰਹ ਵਿੱਚ ਚਲਾ ਗਿਆ ਸੀ। 1891 ਈਸਵੀ ਤੋਂ 1901 ਈਸਵੀ ਤੱਕ ਭਾਰਤੀ ਆਬਾਦੀ ਕਈ ਫ਼ੀਸਦੀ ਘਟ ਗਈ ਸੀ। ਨੌਜਵਾਨਾਂ ਲਈ ਜੀਵਨ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਸਤੇ ਦੋ ਹੀ ਸਾਧਨ ਰਹਿ ਗਏ ਸਨ। ਫੌਜ ਦੀ ਨੌਕਰੀ ਜਾਂ ਫਿਰ ਵਿਦੇਸ਼ਾਂ ਵਿੱਚ ਜਾ ਕੇ ਕੰਮ ਕਰਨਾ। ਲੱਖਾਂ ਪੰਜਾਬੀ ਨੌਜਵਾਨ ਫੌਜ ਵਿੱਚ ਭਰਤੀ ਹੋ ਗਏ। ਹਜ਼ਾਰਾਂ ਦੱਖਣੀ-ਪੂਰਬੀ ਏਸ਼ੀਆ ਵਿੱਚ ਜਾ ਕੇ ਸਿਪਾਹੀਪੁਣਾ ਤੇ ਚੌਕੀਦਾਰੀ ਕਰਨ ਲੱਗੇ। ਕੈਨੇਡਾ ਅਤੇ ਅਮਰੀਕਾ ਦੀ ਚਮਕ-ਦਮਕ ਦੀਆਂ ਕਹਾਣੀਆਂ ਨੇ ਉਨ੍ਹਾਂ ਨੂੰ ਆਪਣੇ ਵੱਲ ਖਿੱਚਣਾ ਸ਼ੁਰੂ ਕੀਤਾ। ਗਰੀਬੀ ਦੀ ਦਲਦਲ ਵਿੱਚ ਫਸੇ ਨਰਕੀ ਜੀਵਨ ਨੂੰ ਸਵਰਗ ਬਣਾਉਣ ਲਈ ਆਪਣੇ ਘਰ-ਘਾਟ, ਜ਼ਮੀਨ-ਜਾਇਦਾਦ ਗਹਿਣੇ ਪਾ ਕੇ ਜਾਂ ਵੇਚ-ਵੱਟ ਕੇ, ਸ਼ਾਹੂਕਾਰਾਂ ਤੋਂ ਕਰਜ਼ਾ ਲੈ ਕੇ, ਰਿਸ਼ਤੇਦਾਰਾਂ ਅਤੇ ਸੱਜਣਾਂ-ਮਿੱਤਰਾਂ ਤੋਂ ਉਧਾਰ ਲੈ ਕੇ ਘਰਾਂ ਤੋਂ ਪੈਦਲ ਚੱਲ ਕੇ ਜਾਂ ਬੈਲ ਗੱਡੀ ਰਾਹੀਂ ਰੇਲਵੇ ਸਟੇਸ਼ਨ 'ਤੇ ਪਹੁੰਚ ਅਤੇ ਉਥੋਂ ਰੇਲ ਗੱਡੀ ਰਾਹੀਂ ਕਲਕੱਤਾ ਪਹੁੰਚ ਜਾਂਦੇ। ਉਥੋਂ ਫਿਰ ਸਮੁੰਦਰੀ ਜਹਾਜ਼ ਰਾਹੀਂ ਦੱਖਣੀ ਪੂਰਬੀ ਏਸ਼ੀਆ ਦੇ ਦੇਸ਼ਾਂ ਵਿੱਚ ਪਹੁੰਚ ਕੇ ਹੋਰ ਜਹਾਜ਼ ਬਦਲਦੇ ਅਤੇ ਦੋ-ਤਿੰਨ ਮਹੀਨੇ ਬਾਅਦ ਕੈਨੇਡਾ-ਅਮਰੀਕਾ ਦੇ ਪੱਛਮੀ ਸਾਹਿਲ ਦੀਆਂ ਬੰਦਰਗਾਹਾਂ 'ਤੇ ਜਾ ਉਤਰਦੇ। ਉਨ੍ਹਾਂ ਦੇ ਮੋਢਿਆਂ 'ਤੇ ਲਟਕਦੀ ਛੋਟੀ ਜਿਹੀ ਪੋਟਲੀ, ਹੱਥ ਵਿੱਚ ਲੋਹੇ ਦਾ ਟਰੰਕ ਅਤੇ ਮਨਾਂ ਵਿੱਚ ਹੁੰਦਾ ਸੀ ਸੁਨਹਿਰੀ ਭਵਿੱਖ ਦਾ ਸੁਪਨਾ। ਇਸ ਤਰ੍ਹਾਂ ਦੋ ਮਹੀਨੇ ਦੀ ਯਾਤਰਾ ਬਾਅਦ ਉਹ ਅਜਨਬੀ ਧਰਤੀ 'ਤੇ ਪੈਰ ਰੱਖਦੇ।



ਪਰਾਈ ਧਰਤੀ ਉਨ੍ਹਾਂ ਦੀ ਆਮਦ 'ਤੇ ਓਨੀ ਖੁਸ਼ ਨਹੀਂ ਸੀ, ਜਿੰਨਾ ਉਹ ਉਸ ਧਰਤੀ ਨੂੰ ਪਾਉਣ ਲਈ ਕਾਹਲੇ ਸਨ। ਭਾਵੇਂ ਅਮਰੀਕਾ ਦੇ ਪੂਰਬੀ ਕੰਢੇ 'ਤੇ ਆਜ਼ਾਦੀ ਦੀ ਮਸ਼ਾਲ ਹੱਥ ਵਿੱਚ ਫੜੀ 'ਆਜ਼ਾਦੀ ਦੀ ਦੇਵੀ' ਦਾ ਬੁੱਤ ਹੈ, ਜੋ ਇਹ ਕਹਿ ਰਹੀ ਹੈ, 'ਐ ਨਿਥਾਵੇਂ, ਨਿਰਾਸ਼, ਭੁੱਖੇ, ਗਰੀਬ, ਨਾ ਉਮੀਦ, ਦੱਬੇ-ਕੁਚਲੇ ਲੋਕੋ ਤੁਸੀਂ ਮੈਨੂੰ ਆਪਣੇ ਸਾਰੇ ਦੁੱਖ ਦਰਦ ਦੇ ਦੇਵੋ, ਬਦਲੇ ਵਿੱਚ ਮੈਂ ਤੁਹਾਨੂੰ ਆਜ਼ਾਦੀ, ਸਮਾਨਤਾ ਅਤੇ ਮਾਨਵਤਾਵਾਦੀ ਖੁਸ਼ੀਆਂ ਭਰਿਆ ਸੰਸਾਰ ਦੇਵਾਂਗੀ।" ਅਮਰੀਕਾ ਦੇ ਹੱਥ ਉਨ੍ਹਾਂ ਲੋਕਾਂ ਦੇ ਸਵਾਗਤ ਲਈ ਨਾ ਉੱਠ ਸਕੇ, ਜੋ ਯੂਰਪੀਨ ਗੋਰੇ ਨਹੀਂ ਸਨ। ਜਿੰਨੀ ਵਿਸ਼ਾਲ ਭੂਮੀ ਸੀ, ਉਨੇ ਹੀ ਉਸ 'ਤੇ ਅਧਿਕਾਰ ਜਮਾਉਣ ਵਾਲੇ ਗੋਰੇ ਲੋਕ ਤੰਗਦਿਲ ਸਨ। ਉਨ੍ਹਾਂ ਨੂੰ 300 ਸਾਲ ਤੋਂ ਗੁਲਾਮ ਬਣਾ ਕੇ ਲਿਆਂਦੇ ਕਾਲੇ ਅਫ਼ਰੀਕਨ ਲੋਕ ਪੂਰਨ ਨਾਗਰਿਕ ਰੂਪ ਵਿੱਚ ਮਨਜ਼ੂਰ ਨਹੀਂ ਸਨ ਤੇ ਨਾ ਹੀ 19ਵੀਂ ਸਦੀ ਦੇ 5ਵੇਂ ਦਹਾਕੇ ਵਿੱਚ ਆਏ ਚੀਨੀ ਮੂਲ ਦੇ ਲੋਕ। ਜੋ ਉਸ ਧਰਤੀ ਦੇ ਮੂਲ ਨਿਵਾਸੀ ਸਨ, ਉਨ੍ਹਾਂ ਦੀ ਗੋਰਿਆਂ ਦੇ ਸਮਾਜ ਵਿੱਚ ਕੋਈ ਥਾਂ ਹੀ ਨਹੀਂ ਸੀ। ਬਸ ਉਹ ਇਕ ਸੀਮਿਤ ਖੇਤਰ ਵਿੱਚ ਕੈਦ ਹੋ ਕੇ ਰਹਿ ਗਏ, ਜੋ ਉਨ੍ਹਾਂ ਲਈ ਰਾਖਵਾਂ ਕਰ ਦਿੱਤਾ ਗਿਆ ਸੀ।

ਜਿਉਂ-ਜਿਉਂ ਭਾਰਤੀਆਂ ਦੇ ਦਲ ਆਉਂਦੇ ਗਏ, ਤਿਉਂ-ਤਿਉਂ ਉਨ੍ਹਾਂ ਦੇ ਵਿਰੋਧ ਵਿੱਚ ਆਵਾਜ਼ ਵੀ ਉੱਚੀ ਹੁੰਦੀ ਗਈ। 1910 ਈਸਵੀ ਤੱਕ ਦਸ ਹਜ਼ਾਰ ਭਾਰਤੀਆਂ ਦੀ ਆਮਦ ਨੂੰ 'ਹਿੰਦੂ' ਹਮਲੇ ਦੇ ਰੂਪ ਵਿੱਚ ਘੋਸ਼ਿਤ ਕੀਤਾ ਗਿਆ। ਉਨ੍ਹਾਂ ਨੂੰ ਫਟੇ-ਪੁਰਾਣੇ ਚੀਥੜੇ ਵਾਲੇ, ਗੰਦੇ, ਜਾਹਲ ਅਤੇ ਘਟੀਆ ਦਰਜੇ ਦੇ ਲੋਕ ਦੱਸਿਆ ਗਿਆ। ਗੋਰਿਆਂ ਦੀਆਂ ਕਈ ਸੰਸਥਾਵਾਂ ਅਤੇ ਸਮਾਚਾਰ ਪੱਤਰਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਹੋ ਜਿਹੇ ਅਸੱਭਿਅਕ ਅਤੇ ਘਟੀਆ ਲੋਕ ਕਦੀ ਵੀ ਪੱਛਮੀ ਦੁਨੀਆ ਦਾ ਅੰਗ ਨਹੀਂ ਬਣ ਸਕਦੇ। ਇਹ ਹੀ ਨਹੀਂ, ਉਹ ਆਪਣੇ ਰਹਿਣ-ਸਹਿਣ ਦੇ ਘਟੀਆ ਢੰਗ ਨਾਲ ਅਮਰੀਕਾ ਦੇ ਉੱਚੇ ਜੀਵਨ ਪੱਧਰ ਨੂੰ ਵੀ ਨੀਵਾਂ ਕਰ ਦੇਣਗੇ। ਉਧਰ ਗੋਰੇ ਮਜ਼ਦੂਰਾਂ ਨੇ ਵੀ ਭਾਰਤੀਆਂ ਦੀ ਨਿਖੇਧੀ ਕੀਤੀ ਕਿ ਉਹ ਘੱਟ ਮਜ਼ਦੂਰੀ 'ਤੇ ਕੰਮ ਕਰ ਕੇ ਉਨ੍ਹਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ।

ਸਰਕਾਰੀ ਤੌਰ 'ਤੇ ਭਾਰਤੀਆਂ ਦੇ ਦਾਖਲੇ ਖ਼ਿਲਾਫ਼ ਕਾਨੂੰਨ ਬਣਾਏ ਜਾਣ ਲੱਗੇ। ਉਨ੍ਹਾਂ ਨੂੰ ਨਾਗਰਿਕਤਾ ਦੇ ਨਾਲ-ਨਾਲ ਜ਼ਮੀਨ ਦੀ ਮਾਲਕੀ ਅਤੇ ਅਮਰੀਕੀ ਔਰਤਾਂ ਨਾਲ ਵਿਆਹ ਕਰਨਾ ਆਦਿ ਮਨੁੱਖੀ ਅਧਿਕਾਰਾਂ ਤੋਂ ਵੀ ਵਾਂਝਿਆਂ ਕਰ ਦਿੱਤਾ ਗਿਆ ਤੇ ਬਹੁਤੀਆਂ ਥਾਂਵਾਂ 'ਤੇ ਉਨ੍ਹਾਂ ਦੇ ਖਿਲਾਫ਼ ਭਿਆਨਕ ਦੰਗੇ ਹੋਏ। ਸਭ ਤੋਂ ਭਿਆਨਕ ਦੰਗਾ 1907 ਈ: ਨੂੰ ਵਾਸ਼ਿੰਗਟਨ ਸਟੇਟ ਦੇ ਬਲਿੰਘਮ ਸ਼ਹਿਰ ਵਿੱਚ ਹੋਇਆ। ਉਥੇ ਚਾਰ-ਪੰਜ ਗੋਰੇ ਗੁੰਡਿਆਂ ਦੀ ਭੀੜ ਨੇ ਰਾਤ ਨੂੰ ਭਾਰਤੀਆਂ ਦੀ ਰਿਹਾਇਸ਼ 'ਤੇ ਹਮਲਾ ਬੋਲ ਦਿੱਤਾ। ਉਨ੍ਹਾਂ 'ਤੇ ਵਹਿਸ਼ੀਆਨਾ ਜ਼ੁਲਮ ਕੀਤਾ ਗਿਆ। ਪੰਜਾਬੀ ਮਜ਼ਦੂਰਾਂ ਦੇ ਘਰ, ਘਾਟ ਤੇ ਸਭ ਸਾਮਾਨ ਸਾੜ ਦਿੱਤਾ ਗਿਆ। ਉਹ ਲੁੱਟੇ ਗਏ, ਕੁੱਟੇ ਗਏ। ਉਨ੍ਹਾਂ ਰਾਤ ਦੇ ਹਨੇਰੇ ਵਿੱਚ ਦੌੜ ਕੇ ਸ਼ਹਿਰ ਦੀ ਹੱਦ ਤੋਂ ਬਾਹਰ ਸ਼ਰਨ ਲਈ। ਬਹੁਤ ਸਾਰੇ ਸੁਰੱਖਿਆ ਦੇ ਨਾਅ ਹੇਠ ਜੇਲ੍ਹ ਭੇਜ ਦਿੱਤੇ ਗਏ। ਐਸੋਸੀਏਟਿਡ ਪ੍ਰੈੱਸ ਦੇ ਅਨੁਸਾਰ ਬੁਰੀ ਤਰ੍ਹਾਂ ਕੁੱਟੇ ਗਏ 'ਹਿੰਦੂ' ਹਸਪਤਾਲ ਵਿੱਚ ਹਨ। ਚਾਰ ਸੌ ਬੁਰੀ ਤਰ੍ਹਾਂ ਭੈਅ-ਭੀਤ ਜੇਲ੍ਹ ਅਤੇ ਸਿਟੀ ਹਾਲ ਦੇ ਬਰਾਂਡੇ ਵਿੱਚ ਹਨ। ਸੱਤ ਸੌ ਪੰਜਾਹ ਭਾਰਤੀ ਕਿਤੇ ਬਲਿੰਘਮ ਅਤੇ ਬ੍ਰਿਟਿਸ਼ ਕੋਲੰਬੀਆ ਦੇ ਬੀਚ 'ਤੇ ਹਨ। ਭੁੱਖੇ-ਪਿਆਸੇ ਅੱਧ ਨੰਗੇ ਜ਼ਖ਼ਮੀ ਕੈਨੇਡਾ ਵੱਲ ਰਵਾਨਾ ਹੋ ਰਹੇ ਹਨ। ਪੁਲਸ ਬੇਵੱਸ ਹੈ, ਸਾਰੀ ਸੱਤਾ ਨੂੰ ਜਿਵੇਂ ਅੱਧਰੰਗ ਹੋ ਗਿਆ ਹੋਵੇ। ਹਜ਼ਾਰਾਂ ਗੋਰਿਆਂ ਦੀ ਭੀੜ ਨੇ ਉਨ੍ਹਾਂ ਮਿੱਲਾਂ 'ਤੇ ਹਮਲਾ ਕੀਤਾ, ਜਿਥੇ ਇਹ ਕਾਲੇ ਮਜ਼ਦੂਰ ਕੰਮ ਕਰ ਰਹੇ ਸਨ। ਘਰਾਂ ਦੇ ਦਰਵਾਜ਼ੇ ਤੋੜ, ਸੁੱਤੇ ਪਏ ਲੋਕਾਂ ਨੂੰ ਘਸੀਟ-ਘਸੀਟ ਕੇ ਕੁੱਟਿਆ, ਮਾਰਿਆ ਗਿਆ। ਸਭ ਕੁਝ ਤਹਿਸ-ਨਹਿਸ ਕਰ ਦਿੱਤਾ ਗਿਆ।

ਇਸ ਪ੍ਰਕਾਰ ਅਜਿਹੀ ਸਥਿਤੀ ਵਿੱਚ ਨਸਲਵਾਦ ਦੀ ਪੱਕੀ ਦੀਵਾਰ ਖੜੀ ਕਰ ਦਿੱਤੀ ਗਈ, ਉਹ ਬੇਸਹਾਰਾ ਲੋਕ ਪੁੱਛਦੇ ਕਿ ਅਸੀਂ ਕੀ ਗੁਨਾਹ ਕੀਤਾ ਹੈ, ਜੋ ਅਮਰੀਕਾ ਦੇ ਸਵਰਗ ਵਿੱਚ ਨਰਕ ਭੋਗ ਰਹੇ ਹਾਂ। ਨਰਕ ਤਾਂ ਚੀਨੀ, ਜਪਾਨੀ ਮੂਲ ਦੇ ਲੋਕ ਵੀ ਭੋਗ ਰਹੇ ਸਨ, ਪਰ ਉਨ੍ਹਾਂ ਦੇ ਵਤਨ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ ਦੇ ਹਿੱਤਾਂ ਲਈ ਅਮਰੀਕਾ ਦੀ ਸਰਕਾਰ 'ਤੇ ਦਬਾਅ ਪਾਉਂਦੀਆਂ ਰਹਿੰਦੀਆਂ ਸਨ। ਭਾਰਤੀ ਲੋਕਾਂ ਉਪਰ ਬ੍ਰਿਟਿਸ਼ ਭਾਰਤੀ ਸਰਕਾਰ ਉਲਟਾ ਨਜ਼ਰ ਰੱਖਣ ਲਈ ਆਖਦੀ ਸੀ ਤਾਂ ਕਿ ਉਨ੍ਹਾਂ ਨੂੰ ਕਿਤੇ ਆਜ਼ਾਦੀ ਦੀ ਹਵਾ ਨਾ ਲੱਗ ਜਾਵੇ। ਅੰਤ ਆਪਣੇ ਰੋਜ਼ਾਨਾ ਦੇ ਨਿੱਜੀ ਤਜਰਬੇ ਨਾਲ ਕੁਝ ਲਾਲਾ ਹਰਦਿਆਲ ਜਿਹੇ ਵਿਦਵਾਨ ਅਤੇ ਯੂਨੀਵਰਸਿਟੀ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਪ੍ਰੇਰਨਾ ਅਤੇ ਸਾਥ ਨਾਲ ਭਾਰਤੀ ਪ੍ਰਵਾਸੀ ਇਸ ਨਤੀਜੇ 'ਤੇ ਪਹੁੰਚੇ ਕਿ ਸਾਡੀ ਇਸ ਦੁਰਦਸ਼ਾ ਦਾ ਕਾਰਨ ਸਾਡੇ ਦੇਸ਼ ਦੀ ਗੁਲਾਮੀ ਹੀ ਹੈ। ਜਦ ਤੱਕ ਸਾਡਾ ਦੇਸ਼ ਅੰਗਰੇਜ਼ਾਂ ਦਾ ਗੁਲਾਮ ਰਹੇਗਾ, ਉਦੋਂ ਤੱਕ ਭਾਰਤ ਵਾਸੀਆਂ ਨੂੰ ਕਿਸੇ ਵੀ ਦੇਸ਼ ਵਿੱਚ ਇੱਜ਼ਤ-ਮਾਣ ਨਹੀਂ ਮਿਲ ਸਕਦਾ। ਸਾਡਾ ਹੁਣ ਪਹਿਲਾ ਫਰਜ਼ ਭਾਰਤ ਨੂੰ ਅਜ਼ਾਦ ਕਰਵਾਉਣ ਦਾ ਹੈ।

ਜਦ ਮਨਾਂ ਵਿੱਚ ਇਹ ਪੱਕੀ ਧਾਰਨਾ ਬੈਠ ਗਈ ਤਾਂ ਮਾਰਚ 1913 ਈ. ਨੂੰ ਇੱਕ ਮੀਟਿੰਗ ਔਰੇਗਨ ਰਾਜ ਦੇ ਆਸਟੋਰੀਆ ਕਸਬੇ ਵਿੱਚ ਹੋਈ। ਉੱਥੇ ਭਾਰਤੀਆਂ ਵਿੱਚ ਦੇਸ਼ ਭਗਤ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਕਰਨ ਲਈ ਇੱਕ ਸੰਸਥਾ ਦੀ ਨੀਂਹ ਰੱਖੀ ਗਈ, ਜਿਸ ਦਾ ਨਾਂਅ 'ਹਿੰਦੀ ਐਸੋਸੀਏਸ਼ਨ ਆਫ਼ ਦੀ ਪੈਸਿਫਿਕ ਕੋਸਟ' ਰੱਖਿਆ ਗਿਆ। ਇਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ ਅਤੇ ਖਜ਼ਾਨਚੀ ਪੰਡਿਤ ਕਾਂਸ਼ੀ ਰਾਮ ਮੜੌਲੀ ਨੂੰ ਬਣਾਇਆ ਗਿਆ। ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਸੰਸਥਾ ਦਾ ਕੇਂਦਰੀ ਦਫ਼ਤਰ ਸਾਨ-ਫਰਾਂਸਿਸਕੋ ਵਿੱਚ ਹੋਵੇਗਾ। ਜਿਸ ਦਾ ਨਾਂਅ 'ਯੁਗਾਂਤਰ ਆਸ਼ਰਮ' ਰੱਖਿਆ ਗਿਆ। ਇੱਕ ਅਖਬਾਰ ਵੀ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਦਾ ਨਾਂਅ 1857 ਦੀ ਕ੍ਰਾਂਤੀ ਦੇ ਨਾਂਅ 'ਤੇ 'ਗ਼ਦਰ' ਰੱਖਿਆ ਗਿਆ ਅਤੇ ਉਸ ਦੇ ਸੰਪਾਦਕ ਲਾਲਾ ਹਰਦਿਆਲ ਨੂੰ ਬਣਾਇਆ ਗਿਆ।

1 ਨਵੰਬਰ 1913 ਈ. ਨੂੰ ਬਰਕਲੇ ਦੇ ਸ਼ੇਟਕ ਹੋਟਲ ਵਿੱਚ ਭਾਰੀ ਸਮਾਗਮ ਕਰਕੇ ਗ਼ਦਰ ਦਾ ਪਹਿਲਾ ਅੰਕ ਜਾਰੀ ਕੀਤਾ ਗਿਆ। ਇਹ ਉਰਦੂ ਦੀ ਫ਼ਾਰਸੀ ਲਿਪੀ ਵਿੱਚ ਸੀ। ਇਹ ਲੇਖ, ਕਵਿਤਾਵਾਂ ਅਤੇ ਖ਼ਬਰਾਂ ਨਾਲ ਭਰਿਆ ਹੋਇਆ ਸੀ। ਇਸ ਸਮਾਰੋਹ ਵਿੱਚ ਭਾਰਤੀ ਕਿਸਾਨ, ਮਜ਼ਦੂਰ, ਵਿਦਿਆਰਥੀ ਅਤੇ ਲਾਲਾ ਹਰਦਿਆਲ ਵਰਗੇ ਵਿਦਵਾਨਾਂ ਤੋਂ ਇਲਾਵਾ ਅਮਰੀਕਨ ਰਾਜਨੀਤੀ ਸ਼ਾਸਤਰ ਦੇ ਪ੍ਰੋਫ਼ੈਸਰ, ਲੇਖਕ ਅਤੇ ਸਮਾਚਾਰ ਪੱਤਰਾਂ ਦੇ ਸੰਪਾਦਕ ਆਦਿ ਬੁੱਧੀਜੀਵੀਆਂ ਨੇ ਹਿੱਸਾ ਲਿਆ। ਲਾਲਾ ਹਰਦਿਆਲ ਇਸ ਅਖ਼ਬਾਰ ਦੇ ਸੰਪਾਦਕ ਅਤੇ ਉਰਦੂ ਵਿੱਚ ਉਲਥਾਉਣ ਵਾਲੇ ਯੂ ਪੀ ਦੇ ਵਿਸ਼ਵੇਸ਼ਵਰ ਪ੍ਰਸਾਦ ਸਨ।

ਆਪਣੇ ਉਦਘਾਟਨੀ ਭਾਸ਼ਣ ਵਿੱਚ ਲਾਲਾ ਹਰਦਿਆਲ ਨੇ ਕਿਹਾ, "ਅੱਜ ਭਾਰਤ ਦੇ ਇਤਿਹਾਸ ਵਿੱਚ ਇੱਕ ਨਵੇਂ ਯੁੱਗ ਦਾ ਆਰੰਭ ਹੋ ਰਿਹਾ ਹੈ। ਅੱਜ ਵਿਦੇਸ਼ੀ ਧਰਤੀ 'ਤੇ ਭਾਰਤੀ ਭਾਸ਼ਾ ਵਿੱਚ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਜੰਗ ਸ਼ੁਰੂ ਹੋ ਰਹੀ ਹੈ। ਕਲਮ ਦੀ ਸ਼ਕਤੀ ਰਾਹੀਂ ਅੱਜ ਤੋਪ ਦੇ ਗੋਲੇ ਵਾਂਗ ਧਮਾਕਾ ਹੋ ਰਿਹਾ ਹੈ। ਇਹ ਅਖਬਾਰ ਅੰਗਰੇਜ਼ੀ ਸਾਮਰਾਜ ਦਾ ਦੁਸ਼ਮਣ ਹੈ। ਭਾਰਤੀ ਨੌਜਵਾਨਾਂ ਲਈ ਵੰਗਾਰ ਦਾ ਬਿਗਲ। ਉਠੋ! ਹਥਿਆਰ ਉਠਾਓ ਅਤੇ ਆਜ਼ਾਦੀ ਲਈ ਜੰਗ ਕਰੋ।"

'ਜੇ ਚਿੱਤ ਪ੍ਰੇਮ ਖਿਲਣ ਕਾ ਚਾਓ,
ਸਿਰ ਧਰ ਤਲੀ ਗਲੀ ਮੇਰੀ ਆਓ

"ਸਾਡਾ ਨਾਮ ਹੈ 'ਗ਼ਦਰ' ਅਤੇ ਸਾਡਾ ਕੰਮ ਵੀ ਗ਼ਦਰ ਹੈ। ਅਸੀਂ ਇਸ ਅਖ਼ਬਾਰ ਦੇ ਹਰ ਅੰਕ ਵਿੱਚ ਵਿਦੇਸ਼ੀ ਸਰਕਾਰ ਦਾ ਕੱਚਾ ਚਿੱਠਾ ਖੋਲ੍ਹਾਂਗੇ। ਅਸੀਂ ਪੂਰੀ ਦੁਨੀਆ ਨੂੰ ਦੱਸ ਦਿਆਂਗੇ ਕਿ ਅੰਗਰੇਜ਼ੀ ਸਰਕਾਰ ਹਰ ਸਾਲ ਭਾਰਤ ਵਿੱਚੋਂ ਪੰਜਾਹ ਕਰੋੜ ਰੁਪਏ ਲੁੱਟ ਕੇ ਇਗਲੈਂਡ ਲੈ ਜਾਂਦੀ ਹੈ। ਇਸ ਕਾਰਨ ਅੱਜ ਭਾਰਤੀ ਲੋਕ ਏਨੇ ਗਰੀਬ ਹੋ ਗਏ ਹਨ ਕਿ ਉਨ੍ਹਾਂ ਦੀ ਰੋਜ਼ਾਨਾ ਔਸਤ ਆਮਦਨ ਪ੍ਰਤੀ ਵਿਅਕਤੀ ਪੰਜ ਪੈਸੇ ਹੈ। ਖੇਤੀ ਉੱਤੇ 65 ਫ਼ੀਸਦੀ ਲਗਾਨ ਦਾ ਬੋਝ ਲੱਦ ਦਿੱਤਾ ਗਿਆ ਹੈ। ਆਪਣੇ ਸਮਰਾਜ ਨੂੰ ਬਚਾਉਣ ਲਈ ਇਹ ਜ਼ਾਲਮ ਸਰਕਾਰ ਹਰ ਸਾਲ 29 ਕਰੋੜ ਰੁਪਏ ਖ਼ਰਚ ਕਰਦੀ ਹੈ। ਜਦੋਂ ਕਿ 24 ਕਰੋੜ ਲੋਕਾਂ ਲਈ ਵਿੱਦਿਆ ਅਤੇ ਸਿਹਤ 'ਤੇ ਪੌਣੇ ਅੱਠ ਕਰੋੜ ਖਰਚ ਕਰਦੀ ਹੈ। ਅੰਗਰੇਜ਼ੀ ਰਾਜ ਵਿੱਚ ਕਾਲ ਪੈ ਰਹੇ ਹਨ, ਭੁੱਖਮਰੀ ਵਧ ਰਹੀ ਹੈ। ਪਿਛਲੇ ਦਸਾਂ ਸਾਲਾਂ ਵਿੱਚ ਕਾਲ ਨਾਲ 2 ਕਰੋੜ ਲੋਕਾਂ ਦੀ ਮੌਤ ਹੋਈ ਹੈ। ਸੋਲ

ਇਤਿਹਾਸ ਦੱਸਦੈ ਅਕਾਲੀ ਦਲ ਦਾ ਪਾਟਕ ਪੰਜਾਬ ਉੱਤੇ ਕੀ ਅਸਰ ਪਾ ਸਕਦੈ !

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਪਹਿਲਾਂ ਅਕਾਲੀ ਦਲ ਦੇ ਬਹੁਤ ਸਾਰੇ ਲੀਡਰਾਂ ਵੱਲੋਂ ਆਪਣੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾਫ ਅਕਾਲ ਤਖਤ ਸਾਹਿਬ ਨੂੰ ਦਿੱਤੀ ਗਈ ਸ਼ਿਕਾਇਤ ਅਤੇ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਸਮੇਂ ਹੁੰਦੀ ਰਹੀ ਖਿੱਚੋਤਾਣ ਅਤੇ ਚੋਣ ਦੇ ਨਤੀਜੇ ਨੇ ਪੰਜਾਬ ਦੇ ਲੋਕਾਂ ਦਾ ਚੋਖਾ ਸਮਾਂ ਜ਼ਾਇਆ ਕਰ ਦਿੱਤਾ ਹੈ। ਜਦੋਂ ਇਹ ਪ੍ਰਕਿਰਿਆ ਸਿਰੇ ਵੀ ਚੜ੍ਹ ਗਈ ਤਾਂ ਓਥੇ ਪਾਸੇ ਕੀਤੇ ਗਏ ਇੱਕ ਹੋਰ ਮਤੇ ਨਾਲ ਨਵੀਂ ਬਹਿਸ ਛਿੜ ਪਈ ਹੈ ਕਿ ਸ੍ਰੀ ਅਕਾਲ ਤਖਤ ਵਿਖੇ ਪਹੁੰਚਦੇ ਕੇਸਾਂ ਦੇ ਸਰਲੀਕਰਨ ਵਾਸਤੇ ਇੱਕ ਕਮੇਟੀ ਬਣਾ ਦਿੱਤੀ ਜਾਵੇਗੀ। ਇਸ ਨੂੰ ਕੁਝ ਲੋਕਾਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਅੱਗੇ ਰੇਖਾ ਵਾਹੀ ਜਾਣ ਦਾ ਕਦਮ ਕਹਿ ਦਿੱਤਾ ਹੈ, ਜਿਸ ਕਾਰਨ ਲੋਕ ਸਿੱਧੇ ਓਥੇ ਨਹੀਂ ਜਾ ਸਕਣਗੇ ਤੇ ਇਸ ਕਮੇਟੀ ਵਾਲਿਆਂ ਦੀ ਘੋਖ-ਪੜਤਾਲ ਪਿੱਛੋਂ ਜਥੇਦਾਰ ਸਾਹਿਬ ਤੱਕ ਕੋਲ ਕੋਈ ਕੇਸ ਜਾਣ ਦੇਣ ਜਾਂ ਰੋਕ ਲੈਣ ਦਾ ਫੈਸਲਾ ਹੋ ਸਕੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਇਸ ਸੋਚਣੀ ਦਾ ਖੰਡਨ ਕੀਤਾ ਤੇ ਵਿਆਖਿਆ ਕੀਤੀ ਹੈ ਕਿ ਏਹੋ ਜਿਹੀ ਗੱਲ ਨਹੀਂ, ਅਸਲ ਵਿੱਚ ਇਹ ਕਮੇਟੀ ਜਥੇਦਾਰ ਸਾਹਿਬ ਦੀ ਮਦਦ ਲਈ ਬਣਾਈ ਜਾਣੀ ਹੈ। ਏਦਾਂ ਦੇ ਬਹੁਤ ਸਾਰੇ ਮੁੱਦੇ ਉੱਠ ਰਹੇ ਹਨ, ਜਿਨ੍ਹਾਂ ਵਿੱਚ ਅਸੀਂ ਨਹੀਂ ਜਾਣਾ ਚਾਹੁੰਦੇ, ਪਰ ਇੱਕ ਗੱਲ ਸਾਫ ਹੈ ਕਿ ਮਾਮਲਾ ਭਾਵੇਂ ਅਕਾਲੀ ਦਲ ਦੀ ਆਪਸੀ ਖਿੱਚੋਤਾਣ ਦਾ ਹੈ, ਪ੍ਰਭਾਵ ਇਸ ਨੇ ਪੰਜਾਬ ਉੱਤੇ ਵੀ ਪਾਉਣਾ ਹੈ। ਪੰਜਾਬ ਦੇ ਬਹੁਤੇ ਲੋਕਾਂ ਨੂੰ ਇਹ ਗੱਲ ਯਾਦ ਨਹੀਂ ਹੋਣੀ ਕਿ ਅਹੁਦਿਆਂ ਤੇ ਸੀਟਾਂ ਲਈ ਅਕਾਲੀ ਆਗੂਆਂ ਦੀ ਖਿੱਚੋਤਾਣ ਜਦੋਂ ਕਦੇ ਵੀ ਹੋਈ ਤਾਂ ਅੰਤ ਵਿੱਚ ਉਸ ਨਾਲ ਸਭ ਤੋਂ ਵੱਧ ਪ੍ਰਭਾਵ ਪੰਜਾਬ ਤੇ ਪੰਜਾਬੀਆਂ ਉੱਤੇ ਹੀ ਪੈਂਦਾ ਰਿਹਾ ਹੈ।

ਮੁੱਢ ਫੁੱਟਣ ਤੋਂ ਪਹਿਲਾਂ ਸਕੂਲ ਪੜ੍ਹਦੇ ਵਕਤ ਮਾਪਿਆਂ ਅਤੇ ਅਧਿਆਪਕਾਂ ਤੋਂ ਚੋਰੀ ਜਾ ਕੇ ਸਿਆਸੀ ਆਗੂਆਂ ਦੇ ਭਾਸ਼ਣ ਸੁਣਨ ਤੋਂ ਲੈ ਕੇ ਅੱਜ ਤੱਕ ਸਾਢੇ ਪੰਜ ਦਹਾਕਿਆਂ ਵਿੱਚ ਅਸਾਂ ਵੇਖਿਆ ਕਿ ਅਕਾਲੀ ਦਲ ਤੋਂ ਨਿਕਲੀ ਲੀਡਰਾਂ ਦੀ ਢਾਣੀ ਕਿਸ ਤਰ੍ਹਾਂ ਰੰਗ ਬਦਲਦੀ ਰਹੀ, ਪਰ ਪਹੁੰਚ ਦਾ ਪੈਂਤੜਾ ਉਨ੍ਹਾਂ ਤੋਂ ਵੱਖਰਾ ਨਹੀਂ ਸੀ ਹੁੰਦਾ। ਪੰਜਾਬ ਦੀ ਵਾਗ ਜਿਸ ਵੀ ਆਗੂ ਨੇ ਸੰਭਾਲੀ, ਜੇ ਉਹ ਅਕਾਲੀ ਰਾਜਨੀਤੀ ਵਿੱਚੋਂ ਆਇਆ ਸੀ, ਮੁੱਖ ਮੰਤਰੀ ਬਣਦੇ ਰਹੇ ਸੱਜਣਾਂ ਵਿੱਚੋਂ ਬਹੁਤੇ ਕਾਂਗਰਸੀ ਆਗੂ ਆਏ ਵੀ ਅਕਾਲੀਆਂ ਵਿੱਚੋਂ ਸਨ, ਉਹ ਸਦਾ ਆਪਣੀ ਪਾਰਟੀ ਤੋਂ ਵੱਧ ਅਕਾਲੀਆਂ ਵੱਲ ਵੇਖ ਕੇ ਪੈਂਤੜੇ ਤੈਅ ਕਰਦੇ ਰਹੇ ਅਤੇ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਰਿਹਾ ਹੈ। ਉਨ੍ਹਾਂ ਨੂੰ ਇਹ ਲੱਗਦਾ ਰਿਹਾ ਕਿ ਉਨ੍ਹਾਂ ਲਈ ਸਿੱਖਾਂ ਵਿੱਚ ਜੜ੍ਹਾਂ ਜਮਾਈ ਰੱਖਣ ਲਈ ਅਕਾਲੀ ਦਲ ਨਾਲ ਆਢਾ ਲਾਈ ਰੱਖਣਾ ਜ਼ਰੂਰੀ ਹੈ ਅਤੇ ਇਸ ਆਢੇ ਵਿੱਚੋਂ ਕਈ ਹੋਰ ਸਮੱਸਿਆਵਾਂ ਪੈਦਾ ਹੁੰਦੀਆਂ ਰਹੀਆਂ। ਤਿਕੜਮਾਂ ਦਾ ਇਹ ਇਤਿਹਾਸ ਪ੍ਰਤਾਪ ਸਿੰਘ ਕੈਰੋਂ ਤੋਂ ਸ਼ੁਰੂ ਹੁੰਦਾ ਹੈ।

ਆਜ਼ਾਦੀ ਪਿੱਛੋਂ ਦੇ ਪੰਜਾਬ ਵਿੱਚ ਪਹਿਲਾ ਸਭ ਤੋਂ ਵੱਡਾ ਲੀਡਰ ਬਲਦੇਵ ਸਿੰਘ ਤੇ ਦੂਸਰਾ ਸਵਰਨ ਸਿੰਘ ਨੂੰ ਮੰਨਣ ਵਿੱਚ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ। ਬਲਦੇਵ ਸਿੰਘ ਨੂੰ ਅੰਗਰੇਜ਼ਾਂ ਵੱਲੋਂ ਕਰਵਾਈ ਗੋਲਮੇਜ਼ ਕਾਨਫਰੰਸ ਵਿੱਚ ਸਿੱਖ ਪ੍ਰਤੀਨਿਧ ਵਜੋਂ ਸ਼ਾਮਲ ਹੋਣ ਦਾ ਮੌਕਾ ਮਿਲਿਆ ਸੀ। ਫਿਰ 1936 ਵਿੱਚ ਜਦੋਂ ਅੰਗਰੇਜ਼ਾਂ ਨੇ ਪੰਜਾਬ ਵਿੱਚ ਪਹਿਲੀ ਵਾਰ ਅਸੈਂਬਲੀ (ਵਿਧਾਨ ਸਭਾ) ਬਣਾਈ ਤਾਂ ਉਸ ਦੀ ਪਹਿਲੀ ਚੋਣ ਦੌਰਾਨ ਅੰਬਾਲਾ ਸਿੱਖ ਹਲਕੇ ਤੋਂ ਅਕਾਲੀ ਦਲ ਵੱਲੋਂ ਚੋਣ ਲੜੀ ਅਤੇ ਜਿੱਤੀ ਸੀ। ਆਜ਼ਾਦੀ ਮਿਲਣ ਪਿੱਛੋਂ ਉਹ ਪੰਡਤ ਜਵਾਹਰ ਲਾਲ ਨਹਿਰੂ ਨਾਲ ਭਾਰਤ ਦੇ ਰੱਖਿਆ ਮੰਤਰੀ ਵੀ ਰਹੇ ਅਤੇ 1952 ਵਿੱਚ ਨਵਾਂ ਸ਼ਹਿਰ ਹਲਕੇ ਤੋਂ ਅਤੇ 1957 ਵਿੱਚ ਹੁਸ਼ਿਆਰਪੁਰ ਤੋਂ ਲੋਕ ਸਭਾ ਦੀ ਚੋਣ ਕਾਂਗਰਸ ਟਿਕਟ ਉੱਤੇ ਲੜੀ ਅਤੇ ਜਿੱਤੀ ਸੀ। ਸਵਰਨ ਸਿੰਘ ਨੇ ਅੰਗਰੇਜ਼ਾਂ ਵੇਲੇ 1946 ਵਿੱਚ ਵਿਧਾਨ ਸਭਾ ਚੋਣ ਜਲੰਧਰ ਪੱਛਮੀ ਸਿੱਖ ਹਲਕੇ ਤੋਂ ਅਕਾਲੀ ਦਲ ਵੱਲੋਂ ਲੜੀ ਅਤੇ ਜਿੱਤੀ ਅਤੇ 1954 ਤੋਂ ਬਾਅਦ ਦੀਆਂ ਚੋਣਾਂ ਦੌਰਾਨ ਉਹ ਕਾਂਗਰਸ ਵੱਲੋਂ ਲੜਦੇ-ਜਿੱਤਦੇ ਅਤੇ ਵਿਦੇਸ਼ ਮੰਤਰੀ ਦਾ ਅਹੁਦਾ ਸੰਭਾਲਦੇ ਰਹੇ ਸਨ। ਪ੍ਰਤਾਪ ਸਿੰਘ ਕੈਰੋਂ ਨੇ 1936 ਵਿੱਚ ਅੰਮ੍ਰਿਤਸਰ ਦੱਖਣੀ ਪੇਂਡੂ ਸਿੱਖ ਹਲਕੇ ਤੋਂ ਪਹਿਲੀ ਚੋਣ ਅਕਾਲੀ ਦਲ ਵੱਲੋਂ ਲੜੀ ਅਤੇ ਜਿੱਤੀ ਅਤੇ 1946 ਤੋਂ ਪਿੱਛੋਂ ਦੀਆਂ ਸਾਰੀਆਂ ਚੋਣਾਂ ਕਾਂਗਰਸ ਵੱਲੋਂ ਲੜੀਆਂ ਅਤੇ ਮੁੱਖ ਮੰਤਰੀ ਵੀ ਓਸੇ ਵੱਲੋਂ ਬਣੇ ਸਨ। ਗਿਆਨੀ ਗੁਰਮੁਖ ਸਿੰਘ ਮੁਸਾਫਰ ਅਕਾਲੀ ਲਹਿਰ ਵਿੱਚੋਂ ਆਏ ਸਨ ਅਤੇ ਇੱਕ ਵਕਤ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਹਿ ਚੁੱਕੇ ਹੋਣ ਕਰ ਕੇ ਅਕਾਲੀ ਦਲ ਦੀਆਂ ਸਮੱਸਿਆਵਾਂ ਨੂੰ ਸਮਝਦੇ ਅਤੇ ਉਨ੍ਹਾਂ ਨੂੰ ਵਰਤਣ ਦੀ ਰਾਜਨੀਤੀ ਕਰਨ ਵਿੱਚ ਮਾਹਰ ਸਮਝੇ ਜਾਂਦੇ ਸਨ। ਜਸਟਿਸ ਗੁਰਨਾਮ ਸਿੰਘ ਅਤੇ ਲਛਮਣ ਸਿੰਘ ਗਿੱਲ ਬਾਰੇ ਦੱਸਣ ਦੀ ਲੋੜ ਨਹੀਂ ਤੇ ਉਨ੍ਹਾਂ ਤੋਂ ਬਾਅਦ ਆਏ ਗਿਆਨੀ ਜ਼ੈਲ ਸਿੰਘ ਬੇਸ਼ੱਕ ਅਕਾਲੀ ਦਲ ਵਿੱਚੋਂ ਨਹੀਂ ਸਨ ਆਏ, ਗੁਰੂ ਘਰ ਦੇ ਗ੍ਰੰਥੀ ਸਿੰਘ ਰਹਿ ਚੁੱਕੇ ਹੋਣ ਕਰ ਕੇ ਸਿਆਸੀ ਪੈਂਤੜਾ ਉਨ੍ਹਾ ਦਾ ਵੀ ਮੁੱਖ ਮੰਤਰੀ ਤੋਂ ਚੱਲ ਕੇ ਰਾਸ਼ਟਰਪਤੀ ਬਣਨ ਤੱਕ ਉਹ ਹੀ ਰਿਹਾ। ਸਿਰਫ ਦਰਬਾਰਾ ਸਿੰਘ ਦੀ ਏਹੋ ਜਿਹੀ ਤਾਰ ਨਹੀਂ ਜੁੜਦੀ, ਪਰ ਅਕਾਲੀਆਂ ਦੀ ਅੱਖ ਵਿੱਚ ਰੜਕਣ ਵਾਲੇ ਬੇਅੰਤ ਸਿੰਘ ਨੇ ਪਹਿਲੀ ਚੋਣ 1967 ਵਿੱਚ ਪਾਇਲ ਹਲਕੇ ਤੋਂ ਅਕਾਲੀ ਦਲ ਵੱਲੋਂ ਲੜੀ ਅਤੇ ਹਾਰ ਗਏ ਸਨ। ਜਿਸ ਸਾਬਕਾ ਮੁੱਖ ਮੰਤਰੀ ਗਿਆਨ ਸਿੰਘ ਰਾੜੇਵਾਲਾ ਤੋਂ ਉਹ ਹਾਰ ਗਏ ਸਨ, ਜਦੋਂ ਅਗਲੀ ਵਾਰੀ ਅਕਾਲੀ ਦਲ ਨੇ ਉਸ ਨੂੰ ਓਸੇ ਪਾਇਲ ਸੀਟ ਤੋਂ ਟਿਕਟ ਦੇ ਦਿੱਤੀ ਤਾਂ ਬੇਅੰਤ ਸਿੰਘ ਨੇ ਮੁਕਾਬਲੇ ਵਿੱਚ ਆਜ਼ਾਦ ਚੋਣ ਲੜ ਕੇ ਉਸ ਨੂੰ ਹਰਾ ਦਿੱਤਾ ਅਤੇ ਉਸ ਦੇ ਬਾਅਦ ਅਕਾਲੀ ਦਲ ਵੱਲ ਕਦੀ ਮੁੜ ਕੇ ਨਹੀਂ ਸੀ ਵੇਖਿਆ। ਕੈਪਟਨ ਅਮਰਿੰਦਰ ਸਿੰਘ ਵੀ ਅਕਾਲੀ ਦਲ ਵਿੱਚ ਲੰਮਾ ਸਮਾਂ ਰਿਹਾ ਅਤੇ ਕਾਂਗਰਸ ਦੇ ਵੱਲ ਵਾਪਸ ਇਸ ਕਾਰਨ ਆਇਆ ਸੀ ਕਿ ਪ੍ਰਕਾਸ਼ ਸਿੰਘ ਬਾਦਲ ਨੇ ਉਸ ਨੂੰ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਉਸ ਪਿੱਛੋਂ ਜ਼ਿਦ ਵਿੱਚ ਆਣ ਕੇ ਉਸ ਨੇ ਕਾਂਗਰਸ ਦੀ ਅਗਵਾਈ ਸੰਭਾਲੀ ਅਤੇ ਦੋ ਵਾਰੀ ਓਸੇ ਬਾਦਲ ਤੋਂ ਮੁੱਖ ਮੰਤਰੀ ਵਾਲੀ ਕੁਰਸੀ ਖੋਹ ਕੇ ਆਪਣੀ ਹੈਸੀਅਤ ਵਿਖਾਈ ਸੀ। ਅਕਾਲੀ ਦਲ ਵਿੱਚੋਂ ਆਏ ਇਹ ਸਾਰੇ ਲੋਕ ਮਨਾਂ ਵਿੱਚ ਕੌੜ ਰੱਖਦੇ ਸਨ।

ਕਿਸ ਲੀਡਰ ਦੇ ਮਨ ਵਿੱਚ ਕਿੰਨੀ ਕੌੜ ਸੀ, ਇਹ ਗੱਲ ਪਾਸੇ ਰੱਖ ਕੇ ਸੋਚਣ ਦਾ ਸਵਾਲ ਹੈ ਕਿ ਤਿੱਖੇ ਵਿਰੋਧਾਂ ਦੇ ਬਾਵਜੂਦ ਅਕਾਲੀ ਤੇ ਕਾਂਗਰਸੀ ਆਗੂਆਂ ਦੀ ਆਪਣੇ ਨਿੱਜੀ ਹਿੱਤਾਂ ਲਈ ਆਮ ਲੋਕਾਂ ਅਤੇ ਆਪੋ-ਆਪਣੀ ਪਾਰਟੀ ਤੋਂ ਅੱਖ ਬਚਾ ਕੇ ਇੱਕ-ਦੂਸਰੇ ਨਾਲ ਤਿਕੜਮਾਂ ਦੀ ਸਾਂਝ ਕਈ ਵਾਰ ਵੇਖੀ ਜਾਂਦੀ ਰਹੀ ਸੀ। ਇੰਦਰਾ ਗਾਂਧੀ ਜਦੋਂ ਦੇਸ਼ ਵਿੱਚ ਐਮਰਜੈਂਸੀ ਲਾਉਣ ਲੱਗੀ ਤਾਂ ਅਕਾਲੀਆਂ ਦੇ ਇੱਕ ਆਗੂ ਨਾਲ ਉਸ ਨੇ ਇਹ ਗੱਲ ਮੁਕਾ ਲਈ ਦੱਸੀ ਜਾਂਦੀ ਸੀ ਕਿ ਉਸ ਨੂੰ ਮੁੱਖ ਮੰਤਰੀ ਬਣਾ ਦਿੱਤਾ ਜਾਵੇਗਾ, ਉਹ ਐਮਰਜੈਂਸੀ ਦਾ ਵਿਰੋਧ ਨਾ ਹੋਣ ਦੇਵੇ, ਪਰ ਇਹੋ ਗੱਦੀ ਗੁਆ ਲੈਣ ਦੇ ਡਰ ਵਾਲੇ ਕਾਂਗਰਸੀ ਨੇ ਉਸ ਦੇ ਵਿਰੋਧੀ ਨੂੰ ਦੂਜੇ ਪਾਸੇ ਉਕਸਾ ਕੇ ਮੋਰਚਾ ਲਵਾ ਦਿੱਤਾ ਸੀ। ਇਹ ਗੱਲ ਵੀ ਕੁਝ ਚੋਣਵੇਂ ਲੋਕਾਂ ਤੱਕ ਸੀਮਤੀ ਰਹੀ ਸੁਣੀਂਦੀ ਹੈ ਕਿ ਬੇਅੰਤ ਸਿੰਘ ਦੇ ਮੁੱਖ ਮੰਤਰੀ ਹੋਣ ਸਮੇਂ ਅਕਾਲੀ ਦਲ ਦੇ ਦੋਹ ਵੱਡੇ ਆਗੂਆਂ ਵਿੱਚੋਂ ਇੱਕ ਦੀ ਉਸ ਨਾਲ ਪਰਦੇ ਪਿੱਛੇ ਸਾਂਝ ਸੀ ਤੇ ਸਾਂਝ ਦੀ ਇਸੇ ਤਾਰ ਕਾਰਨ ਫਤਿਹਗੜ੍ਹ ਸਾਹਿਬ ਦੇ ਨਵੇਂ ਬਣਾਏ ਜ਼ਿਲ੍ਹੇ ਦੀ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਵਿੱਚ ਅਕਾਲੀਆਂ ਕੋਲ ਬਹੁ-ਸੰਮਤੀ ਹੋਣ ਅਤੇ ਗੁਰੂ-ਘਰ ਵਿੱਚ ਸਹੁੰ ਚੁੱਕ ਕੇ ਆਉਣ ਪਿੱਛੋਂ ਵੀ ਅਕਾਲੀ ਦਲ ਦੇ ਇੱਕ ਮੈਂਬਰ ਨੇ ਕਾਂਗਰਸ ਨੂੰ ਵੋਟ ਪਾ ਕੇ ਉਸ ਦਾ ਉਮੀਦਵਾਰ ਜਿਤਾਇਆ ਅਤੇ ਇਸ ਘਟਨਾ ਨਾਲ ਅਕਾਲੀ ਦਲ ਦਾ ਪਾਟਕ ਸਿਖਰਾਂ ਛੋਹਣ ਲੱਗ ਪਿਆ ਸੀ। ਸਿਰਫ ਇੱਕ ਟਿਕਟ ਨਾ ਮਿਲਣ ਤੋਂ ਰੁੱਸ ਕੇ ਆਏ ਕੈਪਟਨ ਅਮਰਿੰਦਰ ਸਿੰਘ ਨੇ ਬਾਦਲ ਅਕਾਲੀ ਦਲ ਤਾਂ ਕੀ, ਬਾਦਲ ਪਰਵਾਰ ਨੂੰ ਵੀ ਨਿਸ਼ਾਨੇ ਉੱਤੇ ਰੱਖਿਆ ਸੀ, ਪਰ ਸਮਾਂ ਪਾ ਕੇ ਦੋਵਾਂ ਪਰਵਾਰਾਂ ਦੀ ਸਾਂਝ ਦੀਆਂ ਗੱਲਾਂ ਚੱਲ ਨਿਕਲੀਆਂ ਤੇ ਦੋਵਾਂ ਦੀਆਂ ਸਰਕਾਰਾਂ ਵੱਲੋਂ ਇੱਕ-ਦੂਸਰੇ ਉੱਤੇ ਬਣਾਏ ਕੇਸ ਕਿਸੇ ਸਿਰੇ ਨਹੀਂ ਸਨ ਲੱਗਣ ਦਿੱਤੇ ਗਏ, ਪਰ ਸਿਆਸੀ ਕੁੜੱਤਣ ਜਾਰੀ ਰਹਿੰਦੀ ਸੀ।

ਏਦਾਂ ਦੀਆਂ ਕੁੜੱਤਣਾਂ ਦੌਰਾਨ ਸਿਰਫ ਇੱਕ ਕੰਮ ਇਹੋ ਜਿਹਾ ਹੋਇਆ, ਜਿਸ ਨੂੰ ਚੰਗਾ ਕਿਹਾ ਜਾ ਸਕਦਾ ਸੀ ਅਤੇ ਕਹਿਣਾ ਵੀ ਚਾਹੀਦਾ ਹੈ ਕਿ ਇੱਕ ਅਕਾਲੀ ਆਗੂ ਬਾਗੀ ਹੋ ਕੇ ਮੁੱਖ ਮੰਤਰੀ ਬਣਿਆ ਤਾਂ ਪੰਜਾਬੀ ਨੂੰ ਰਾਜਾ ਭਾਸ਼ਾ ਬਣਾਏ ਜਾਣ ਵਾਲਾ ਬਿੱਲ ਪਾਸ ਕਰਵਾ ਕੇ ਨੋਟੀਫਿਕੇਸ਼ਨ ਜਾਰੀ ਕਰਵਾ ਗਿਆ ਸੀ। ਉਸ ਥੋੜ੍ਹ-ਚਿਰੇ ਮੁੱਖ ਮੰਤਰੀ ਲਛਮਣ ਸਿੰਘ ਨੇ ਜਦੋਂ ਇਹ ਬਿੱਲ ਪਾਸ ਕਰਾਇਆ ਤਾਂ ਹਿੰਦੀ ਨੂੰ ਲਿੰਕ ਭਾਸ਼ਾ ਬਣਾਉਣ ਦੇ ਮੁੱਦੇ ਉੱਤੇ ਚੋਖੀ ਸਾਰੀ ਬਹਿਸ ਹੁੰਦੀ ਰਹੀ, ਪਰ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਬਣਾਉਣ ਦਾ ਵਿਰੋਧ ਕਿਸੇ ਨੇ ਵੀ ਸਿੱਧਾ ਨਹੀਂ ਸੀ ਕੀਤਾ। ਓਦੋਂ ਦੀ ਜਨ ਸੰਘ ਦੀ ਲੀਡਰਸ਼ਿਪ ਨੇ ਵੀ ਵਿਧਾਨ ਸਭਾ ਵਿੱਚ ਇਹੋ ਜਿਹਾ ਵਿਰੋਧ ਕਰਨ ਦੀ ਥਾਂ ਸਿਰਫ ਏਨਾ ਕਿਹਾ ਸੀ ਕਿ ਰਾਜ ਭਾਸ਼ਾ ਪੰਜਾਬੀ ਠੀਕ ਹੈ, ਪਰ ਦੇਸ਼ ਦੇ ਦੂਸਰੇ ਰਾਜਾਂ ਨਾਲ ਸਾਡੇ ਲੋਕਾਂ ਦੇ ਤਾਲਮੇਲ ਲਈ ਹਿੰਦੀ ਨੂੰ ਲਿੰਕ ਭਾਸ਼ਾ ਦਾ ਦਰਜਾ ਕਾਇਮ ਰੱਖ ਲੈਣ ਵਿੱਚ ਕੋਈ ਹਰਜ਼ ਨਹੀਂ ਹੋਣਾ ਚਾਹੀਦਾ। ਦਸੰਬਰ 1967 ਵਿੱਚ ਉਹ ਬਿੱਲ ਪਾਸ ਹੋਇਆ ਅਤੇ ਗੁਵਰਨਰ ਨੇ ਪ੍ਰਵਾਨ ਕੀਤਾ ਸੀ ਤਾਂ ਉਸ ਦੇ ਬਾਅਦ ਦੇ ਸਤਵੰਜਾ ਸਾਲਾਂ ਵਿੱਚੋਂ ਮਾਮੂਲੀ ਫਰਕ ਨਾਲ ਅੱਧਾ ਕੁ ਸਮਾਂ ਕਾਂਗਰਸ ਦੇ ਆਗੂਆਂ ਹੱਥ ਰਾਜ ਦੀ ਵਾਗ ਰਹੀ ਅਤੇ ਕੁਝ ਮਹੀਨੇ ਘੱਟ ਹੋਣਗੇ, ਏਨਾ ਕੁ ਸਮਾਂ ਹੀ ਅਕਾਲੀਆਂ ਦਾ ਰਾਜ ਰਿਹਾ, ਪਰ ਉਸ ਕਾਨੂੰਨ ਨੂੰ ਦੋਵਾਂ ਨੇ ਅੱਜ ਤੱਕ ਅਮਲ ਵਿੱਚ ਲਾਗੂ ਨਹੀਂ ਹੋਣ ਦਿੱਤਾ, ਸਗੋਂ ਹੱਦ ਤਾਂ ਇਹ ਕਿ ਇੱਕ ਅਕਾਲੀ ਮੁੱਖ ਮੰਤਰੀ ਦੇ ਵਕਤ ਪੰਜਾਬ ਦੇ ਉਨ੍ਹਾਂ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣ ਦਾ ਹੁਕਮ ਪਾਸ ਕਰ ਦਿੱਤਾ ਗਿਆ, ਜਿਨ੍ਹਾਂ ਵਿੱਚ ਪੰਜਾਬੀ ਪੜ੍ਹਾਉਣ ਵਾਸਤੇ ਵੀ ਪੂਰੇ ਅਧਿਆਪਕ ਨਹੀਂ ਸਨ। ਕਮਾਲ ਦੀ ਗੱਲ ਤਾਂ ਇਹ ਕਿ ਜਿਸ ਲਛਮਣ ਸਿੰਘ ਗਿੱਲ ਨੇ ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਦਾ ਕਾਨੂੰਨ ਬਣਾਇਆ ਸੀ, ਅਕਾਲੀ ਮੁੱਖ ਮੰਤਰੀ ਨੇ ਪਹਿਲੀ ਜਮਾਤ ਤੋਂ ਸਕੂਲਾਂ ਵਿੱਚ ਅੰਗਰੇਜ਼ੀ ਪੜ੍ਹਾਉਣ ਦੀ ਸਕੀਮ ਵੀ ਓਸੇ ਦੇ ਪਿੰਡ ਤੋਂ ਜਾ ਕੇ ਸ਼ੁਰੂ ਕੀਤੀ, ਜਿਸ ਨਾਲ ਵਕਤ ਦੀ ਸਰਕਾਰ ਦੀ ਨੀਤੀ ਤੇ ਅਕਾਲੀ ਆਗੂਆਂ ਦੀ ਨੀਤ ਬਾਰੇ ਕਈ ਗੱਲਾਂ ਚੱਲਣ ਲੱਗ ਪਈਆਂ ਸਨ ਅਤੇ ਅੱਜ ਤੱਕ ਚੱਲ ਰਹੀਆਂ ਹਨ।

ਸਾਰੀ ਕਹਾਣੀ ਦਾ ਸਾਰ-ਤੱਤ ਸਿਰਫ ਇਹ ਨਿਕਲਦਾ ਹੈ ਕਿ ਪੰਜਾਬ ਦੀ ਰਾਜਨੀਤੀ ਸਿੱਖ ਮਸਲਿਆਂ ਦੇ ਆਧਾਰ ਉੱਤੇ ਚੱਲਦੀ ਦੱਸੀ ਜਾਂਦੀ ਹੈ, ਪਰ ਅਸਲ ਵਿੱਚ ਸਿੱਖ ਮਸਲਿਆਂ ਦੇ ਆਧਾਰ ਉੱਤੇ ਨਹੀਂ, ਦੋਵਾਂ ਧਿਰਾਂ ਦੇ ਸਿੱਖ ਆਗੂਆਂ ਦੀਆਂ ਨਿੱਜੀ ਰਾਜਸੀ ਲੋੜਾਂ ਨੂੰ ਮੁੱਖ ਰੱਖ ਕੇ ਚਲਾਈ ਜਾਂਦੀ ਹੈ। ਇਸੇ ਕਾਰਨ ਸਾਡੀ ਸਮਝ ਕਹਿੰਦੀ ਹੈ ਕਿ ਅਕਾਲੀ ਦਲ ਦੇ ਪਹਿਲੀ ਪਾਲ ਦੇ ਆਗੂਆਂ ਵਾਲੀ ਅਜੋਕੀ ਖਿੱਚੋਤਾਣ ਦਾ ਅਸਰ ਵੀ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਦੇ ਭਵਿੱਖ ਉੱਤੇ ਹਰ ਹਾਲ ਪੈ ਕੇ ਰਹਿਣਾ ਹੈ। ਆਮ ਕਰ ਕੇ ਕਿਹਾ ਜਾਂਦਾ ਹੈ ਕਿ ਅਕਾਲੀਆਂ ਦੀ ਇਹੋ ਜਿਹੀ ਖਿੱਚੋਤਾਣ ਜਦੋਂ ਅਤੇ ਜਿਹੜੇ ਵੀ ਰੰਗਾਂ ਵਿੱਚ ਹੁੰਦੀ ਰਹੀ ਹੈ, ਹਰ ਵਾਰੀ ਇੱਕ ਹੋਰ ਅਕਾਲੀ ਦਲ ਜਾਂ ਏਦਾਂ ਦੀ ਸਿਆਸੀ ਜਥੇਬੰਦੀ ਜਨਮ ਲੈਂਦੀ ਰਹੀ ਹੈ ਤੇ ਇਹ ਕੁਝ ਇਸ ਵਾਰੀ ਵੀ ਹੋ ਸਕਦਾ ਹੈ। ਜਿਸ ਤਰ੍ਹਾਂ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਤੱਕ ਸ਼ਿਕਾਇਤ ਕਰ ਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿਵਾਉਣ ਦੀ ਹਿੰਮਤ ਕੀਤੀ ਅਤੇ ਸਿੱਟੇ ਵਜੋਂ ਅਕਾਲੀ ਦਲ ਨੂੰ ਪਹਿਲੀ ਵਾਰੀ ਵਿਧਾਨ ਸਭਾ ਉੱਪ ਚੋਣਾਂ ਵੇਲੇ ਮੈਦਾਨ ਖਾਲੀ ਛੱਡਣਾ ਪਿਆ ਹੈ, ਏਦਾਂ ਦੇ ਹਾਲਾਤ ਵਿੱਚ ਇਹ ਅਕਾਲੀ ਦਲ ਇਕੱਠਾ ਰਹਿਣ ਦੀ ਸੰਭਾਵਨਾ ਨਹੀਂ ਰਹੀ। ਅਕਾਲੀ ਸਿਆਸਤ ਨਾਲ ਚਾਰ ਕੁ ਦਹਾਕਿਆਂ ਤੋਂ ਜੁੜੇ ਹੋਏ ਇੱਕ ਵੱ

3-Nov-Sunday.qxd 11/2/2024 8:39 PM Page 4

ਵਿਚਾਰਧਾਰਕ ਪੁਖਤਗੀ ਅਤੇ ਜਜ਼ਬਾਤ ਦਾ ਸੁਮੇਲ

ਕਿਣ ਮਿਣ

ਮੰਗਤ ਰਾਮ ਪਾਸਲਾ
ਪੰਨੇ : 152, ਮੁੱਲ : 150 ਰੁਪਏ
ਪੀ ਸੁੰਦਰੱਈਆ ਪ੍ਰਕਾਸ਼ਕ
5ਆਬ ਪ੍ਰਕਾਸ਼ਨ, ਜਲੰਧਰ

ਮੰਗਤ ਰਾਮ ਪਾਸਲਾ ਦੀ ਇਹ ਕਿਤਾਬ ਵਿਧਾ ਪੱਖੋਂ ਸ਼ਾਇਦ ਕਿਸੇ ਰਵਾਇਤੀ ਕਿਸਮ ਦੇ ਬਣੇ-ਬਣਾਏ ਚੌਖਟੇ ਵਿੱਚ ਨਾ ਸਮਾਅ ਸਕਦੀ ਹੋਵੇ, ਪਰ ਇਹ ਪਾਠਕ ਨੂੰ ਇੱਕ ਅਜਿਹੇ ਸਾਹਿਤਮਈ ਸੁਮੇਲ ਦੇ ਸਾਹਮਣੇ ਲਿਜਾ ਖੜਦੀ ਹੈ, ਜਿਸ ਵਿੱਚ ਵਿਚਾਰਧਾਰਕ ਪਰਪੱਕਤਾ ਅਤੇ ਮਾਨਵੀ ਜਜ਼ਬਿਆਂ ਦਾ ਇੱਕ ਸੁੰਦਰ ਸੁਮੇਲ ਹੋਇਆ ਦਿਸਦਾ ਹੈ। ਪੰਜਾਬੀ ਭਾਸ਼ਾ ਦੇ ਪਾਠਕਾਂ ਦੇ ਜ਼ਿਹਨ ਵਿੱਚ ਕਾਮਰੇਡ ਮੰਗਤ ਰਾਮ ਪਾਸਲਾ ਦਾ ਇੱਕ ਅਜਿਹਾ ਅਕਸ ਉੱਕਰਿਆ ਪਿਆ ਹੈ, ਜੋ ਪਾਸਲਾ ਨੂੰ ਇੱਕ ਵਿਸ਼ੇਸ਼ ਵਿਚਾਰਧਾਰਕ ਪੈਂਤੜੇ ਨਾਲ ਲਗਾਤਾਰ ਜੁੜਿਆ ਨਜ਼ਰ ਆਉਂਦਾ ਹੈ, ਜਿਸ ਦੀ ਝਲਕ ਕੁੱਝ ਹੱਦ ਤੱਕ ਇਸ ਕਿਤਾਬ ਦੇ ਵਾਰਤਕ ਲੇਖਾਂ ਅਤੇ ਕਾਵਿ ਵੰਨਗੀਆਂ ਵਿੱਚ ਵੀ ਮਿਲਦੀ ਨਜ਼ਰ ਆਉਂਦੀ ਹੈ। ਕਾਮਰੇਡ ਪਾਸਲਾ ਆਪਣੇ ਕਾਲਜ ਦੇ ਦਿਨਾਂ ਤੋਂ ਹੀ ਖੱਬੇ ਪੱਖੀ ਵਿਚਾਰਧਾਰਾ ਨਾਲ ਜੁੜੀਆਂ ਜਥੇਬੰਦੀਆਂ ਨਾਲ ਅਜਿਹਾ ਜੁੜਦਾ ਹੈ ਕਿ ਇੱਕ ਪਾਸੇ ਤਾਂ ਉਹ ਬਚਪਨ ਦੇ ਪਹਿਲੇ ਦੌਰ, ਜਿੱਥੋਂ ਉਹ ਗੁਰਪੁਰਬਾਂ 'ਤੇ ਗੁਰਬਾਣੀ ਦੇ ਸ਼ਬਦ ਉਚਾਰਦਾ ਜਾਂ ਗਾਉਂਦਾ ਹੈ, ਉਸ ਤੋਂ ਅੱਗੇ ਵਧਦਾ ਹੈ। ਦੂਜੇ ਪਾਸੇ ਉਸ ਸਮੇਂ ਤੱਕ ਮਾਰਕਸੀ ਸਿਧਾਂਤ ਦੀ ਸੂਝ-ਬੂਝ ਨਾਲ ਓਤਪੋਤ ਇੱਕ ਰਾਜਨੀਤਕ, ਸਿਧਾਂਤਕ ਪੈਂਤੜੇ ਵਾਲੀ ਜਥੇਬੰਦੀ ਨਾਲ ਪੱਕੇ ਤੌਰ 'ਤੇ ਜੁੜਦਾ ਹੈ। ਅਜਿਹੀਆਂ ਜਥੇਬੰਦੀਆਂ ਵਿਚਲੀ ਵੰਡ ਦਰ ਵੰਡ ਵਿੱਚ ਉਹ ਭਾਵੇਂ ਬਦਲਦਾ ਨਜ਼ਰ ਆਉਂਦਾ ਹੈ, ਪਰ ਉਸ ਅੰਦਰਲਾ ਮਾਨਵ ਹਿਤੈਸ਼ੀ ਬੰਦਾ ਕਿਤੇ ਵੀ ਮਰਦਾ ਨਜ਼ਰ ਨਹੀਂ ਆਉਂਦਾ, ਸਗੋਂ ਵੱਖ-ਵੱਖ ਸਮਿਆਂ ਵਿੱਚ ਉਹ ਆਪਣੇ ਰਾਜਨੀਤਕ ਪੈਂਤੜਿਆਂ 'ਤੇ ਪੱਕੇ ਪੈਰੀਂ ਖੜਾ ਵੀ ਨਜ਼ਰ ਆਉਂਦਾ ਹੈ, ਪਰ ਨਾਲ ਹੀ ਉਸ ਅੰਦਰਲਾ ਹਸਾਸ ਮਨ ਉਸ ਨੂੰ ਸਾਹਿਤ ਅਤੇ ਕਲਾ ਪ੍ਰਤੀ ਉਸ ਦੀ ਬਣਦੀ ਜ਼ਿੰਮੇਵਾਰੀ ਤੋਂ ਅਵੇਸਲਾ ਵੀ ਨਹੀਂ ਹੋਣ ਦਿੰਦਾ। ਸ਼ਾਸਤਰੀ ਸੰਗੀਤ, ਗੁਰਮਤਿ ਸੰਗੀਤ, ਲੋਕ ਸੰਗੀਤ ਸੁਣਨ-ਮਾਨਣ ਦੀ ਰੀਝ ਉਹ ਗਾਹੇ-ਬਗਾਹੇ ਪੂਰੀ ਕਰਦਾ ਆ ਰਿਹਾ ਹੈ। ਇਸ ਮੰਝ ਦੀ ਪੂਰਤੀ ਕਰਦਿਆਂ ਉਸ ਅੰਦਰਲਾ ਸਿਰਜਣਾਤਮਕ ਮਨ ਕਈਂ ਵਾਰ ਅੰਦਰੋਂ-ਅੰਦਰੋਂ ਉਸਲਵੱਟੇ ਲੈਂਦਾ ਹੋਇਆ ਸ਼ਬਦਾਂ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ, ਉਂਜ ਭਾਵੇਂ ਉਹ ਆਪਣੀ ਪਾਰਟੀ ਦੇ ਕਾਮਿਆਂ ਨੂੰ ਹੀ ਸੰਬੋਧਨ ਕਿਉਂ ਨਾ ਕਰ ਰਿਹਾ ਹੋਵੇ, ਉਸ ਦੇ ਅਲਫਾਜ਼ ਸੁਣਨ ਵਾਲੇ ਵੀ ਰੂਹ ਤੱਕ ਸਰਸ਼ਾਰ ਕਰਨ ਦੀ ਸਮਰੱਥਾ ਰੱਖਦੇ ਹੁੰਦੇ ਹਨ, ਅਜਿਹੇ ਸਮੇਂ ਅਸਲ ਵਿੱਚ ਉਹ ਇੱਕ ਸਿਰਜਕ ਦੇ ਤੌਰ 'ਤੇ ਹੀ ਵਿਚਰ ਰਿਹਾ ਹੁੰਦਾ ਹੈ। ਜਿਹੜੇ ਲੋਕਾਂ ਲਈ ਉਹ ਪਿਛਲੀ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਲੜਦਾ ਆ ਰਿਹਾ ਹੈ, ਸੁੱਤੇ-ਜਾਗਦੇ ਉਹ ਲੋਕ ਅਤੇ ਉਨ੍ਹਾਂ ਲੋਕਾਂ ਦੀ ਵੇਦਨਾ ਕਾਮਰੇਡ ਪਾਸਲਾ ਦੇ ਜ਼ਿਹਨ 'ਤੇ ਹਾਵੀ ਰਹਿੰਦੀ ਹੈ, ਉਸ ਨੂੰ ਬੇਚੈਨ ਵੀ ਕਰਦੀ ਹੈ, ਪਰੇਰਦੀ ਵੀ ਹੈ ਅਤੇ ਕਰਮਯੋਗੀ ਬਣਨ ਦੇ ਰਾਹੇ ਵੀ ਤੋਰਦੀ ਹੈ। 'ਕਿਣ-ਮਿਣ' ਅਸਲ ਵਿੱਚ ਉਸ ਦੀ ਅਜਿਹੀ ਅਵਸਥਾ ਦੀ ਹੀ ਤਰਜਮਾਨੀ ਕਰਦੀ ਹੈ, ਜਿਸ ਵਿੱਚ ਉਹ ਪੀੜ -ਪਰੁੰਨੇ ਲੋਕਾਂ ਦੀ ਆਵਾਜ਼ ਬਣਦਾ ਹੈ, ਕਦੇ ਵਾਰਤਕ ਦੇ ਬੋਲਾਂ ਰਾਹੀਂ ਉਹ ਥੁੜਾਂ ਮਾਰੇ ਲੋਕਾਂ ਦੀ ਜ਼ੁਬਾਨ ਬਣਦਾ ਹੈ, ਕਦੇ ਉਨ੍ਹਾਂ ਥੁੜੇ ਮਾਰੇ ਲੋਕਾਂ ਲਈ ਕਾਵਿਕ ਜ਼ੁਬਾਨ ਵਾਲਾ ਮੁਹਾਵਰਾ ਲੈ ਕੇ ਉਨ੍ਹਾਂ ਦੇ ਅੰਗ-ਸੰਗ ਤੁਰਦਾ ਹੈ।

ਉਹ ਆਪਣੀ ਪੁਸਤਕ ਦੇ ਪਹਿਲੇ ਹਿੱਸੇ ਰਾਹਗੀਰ (ਵਾਰਤਕ ਹਿੱਸਾ) ਵਿੱਚ ਆਪਣੀ ਜ਼ਿੰਦਗੀ ਦੇ ਤਜਰਬੇ ਦੇ ਅਧਾਰ 'ਤੇ ਇੱਕ ਅਜਿਹਾ ਬਿਰਤਾਂਤ ਸਿਰਜਦਾ ਹੈ ਕਿ ਜਿਸ ਨਾਲ ਸਮਾਜ ਵਿਗਿਆਨ ਨਾਲ ਜੁੜੇ ਵਿਦਿਆਰਥੀ ਅਤੇ ਖੋਜ ਕਰਤਾ ਲਈ ਵੀ ਇੱਕ ਨਵੀਂ ਤੇ ਸਹੀ ਦਿਸ਼ਾ ਪ੍ਰਦਾਨ ਹੁੰਦੀ ਨਜ਼ਰ ਆਉਂਦੀ ਹੈ। ਆਮ ਬੰਦਾ (ਪਾਠਕ) ਵੀ ਇਹ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਭਾਰਤ ਦੀ ਆਜ਼ਾਦੀ ਨੂੰ ਪੌਣੀ ਸਦੀ ਤੋਂ ਵਧੇਰੇ ਸਮਾਂ ਹੋ ਜਾਣ ਤੱਕ ਵੀ ਸਮਾਜਿਕ ਬਰਾਦਰੀ ਕਿਤੇ ਦੂਰ-ਦੂਰ ਤੱਕ ਦਿਖਾਈ ਨਹੀਂ ਦਿੰਦੀ। ਅਸੀਂ ਇੱਕੀਵੀਂ ਸਦੀ ਵਿੱਚ ਭਾਵੇਂ ਪ੍ਰਵੇਸ਼ ਕਰਕੇ ਬੜੇ ਵੱਡੇ-ਵੱਡੇ ਦਮਗਜ਼ੇ ਮਾਰ ਰਹੇ ਹੋਈਏ, ਪਰ ਵਿਗਿਆਨਕ ਸੋਚ ਅਜੇ ਵੀ ਸਾਡੇ ਨੇੜੇ-ਤੇੜੇ ਨਹੀਂ। ਗੁਰਬਤ ਦਾ ਆਲਮ ਇਹ ਹੈ ਕਿ ਅੱਜ ਵੀ ਭਾਰਤ ਦੀ ਵਸੋਂ ਦਾ ਬਹੁਤ ਵੱਡਾ ਭਾਗ ਢਿੱਡ ਭਰਨ ਲਈ ਮੁਫਤ ਦਾ ਸਰਕਾਰੀ ਰਾਸ਼ਨ ਲੈ ਰਿਹਾ ਹੈ। ਪਾਸਲਾ ਦੇ ਲੇਖ 'ਰੀਝਾਂ ਦਾ ਮਰਸੀਆ..' ਇੱਕ ਅਜਿਹੇ ਬਾਬੇ ਪਾਤਰ ਦਾ ਹਵਾਲਾ ਦਿੰਦਾ ਕਹਿ ਰਿਹਾ ਹੈ ਕਿ :

'ਸਾਡਾ ਵੀ ਕਾਹਦਾ ਜੀਣਾ, ਕਦੀ ਰੱਜ ਕੇ ਧੜੀ-ਸੇਰ ਅੰਬ-ਖਰਬੂਜ਼ੇ ਨਾ ਖਾਧੇ।'

ਉਸ ਬਾਬੇ ਦੀ ਰੀਝ ਦਾ ਇਹ ਮਰਸੀਆ ਅੱਜ ਤੱਕ ਵੀ ਕਈ ਬਾਬੇ ਵਰਗੇ ਪਾਤਰ ਦੁਹਰਾਅ ਰਹੇ ਹੋਣ ਤਾਂ ਭਾਰਤ ਦੇ ਦੁਨੀਆ ਦੀ ਸਭ ਤੋਂ ਵੱਡੀ ਪੰਜਵੀਂ ਅਰਥ ਵਿਵਸਥਾ ਵਾਲਾ ਦੇਸ਼ ਬਣਨ ਦੇ ਕੀ ਅਰਥ ਰਹਿ ਜਾਂਦੇ ਹਨ। ਸਮਾਜਿਕ ਬਰਾਬਰੀ ਦਾ ਜੋ ਸੰਕਲਪ ਇਸ ਖਿੱਤੇ ਵਿੱਚ ਵਿਚਰਦਿਆਂ ਜੋ ਗੁਰੂ ਨਾਨਕ ਜਾਂ ਉਨ੍ਹਾਂ ਤੋਂ ਪਹਿਲਾਂ ਸੰਤਾਂ-ਭਗਤਾਂ ਨੇ ਉਸਾਰਨ ਦਾ ਯਤਨ ਕੀਤਾ ਸੀ, ਉਹ ਕਿਤੇ ਗੁੰਮ-ਗੁਆਚ ਗਿਆ ਲਗਦਾ ਹੈ। ਮਲਕ ਭਾਗੋਆਂ ਦੀ ਗਿਣਤੀ ਦਿਨੋਂ-ਦਿਨ ਵਧ ਰਹੀ ਹੈ, ਉਨ੍ਹਾਂ ਦੀ ਪੂੰਜੀ ਵਿਚਲੇ ਬੇਤਹਾਸ਼ੇ ਵਾਧੇ ਨਾਲ ਭਾਈ ਲਾਲੋ ਹੋਰ ਨਿੱਘਰਦਾ ਜਾ ਰਿਹਾ ਹੈ, ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਵਰਤਮਾਨ ਤੰਤਰ ਭਾਈ ਲਾਲੋ ਨੂੰ ਮਰਨ ਵੀ ਨਹੀਂ ਦੇ ਰਿਹਾ ਅਤੇ ਸੰਘਰਸ਼ ਕਰਨ ਜੋਗਾ ਵੀ ਨਹੀਂ ਰਹਿਣ ਦਿੱਤਾ। 'ਸਵੈਮਾਨ ਦਾ ਘਾਤ' ਵਿਚਲੇ ਲੇਖ ਵਿੱਚ ਪਾਸਲਾ ਪੂੰਜੀਵਾਦ ਦੇ ਅਸਰ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ :

"ਪੂੰਜੀਵਾਦੀ ਪ੍ਰਬੰਧ ਸਿਰਫ ਗਰੀਬੀ-ਅਮੀਰੀ ਦਾ ਪਾੜਾ ਹੀ ਨਹੀਂ ਵਧਾਉਂਦਾ... ਬਲਕਿ ਮਨੁੱਖ ਅੰਦਰਲੇ ਸਵੈਮਾਨ ਨੂੰ ਵੀ ਮਸਲ ਦਿੰਦਾ ਹੈ।"

ਜਦੋਂ ਮਨੁੱਖ ਦਾ ਸਵੈਮਾਨ ਹੀ ਮਰ ਜਾਂਦਾ ਹੈ ਤਾਂ ਸਮਾਜਿਕ ਨਿਘਾਰ ਦੀ ਸਭ ਤੋਂ ਹੇਠਲੀ ਸਥਿਤੀ ਬਣ ਜਾਂਦੀ ਹੈ। ਸਾਡਾ ਯੁੱਗ ਕਵੀ ਪਾਸ਼ ਵੀ ਜਦੋਂ 'ਸਭ ਤੋਂ ਖਤਰਨਾਕ' ਕਵਿਤਾ ਲਿਖਦਾ ਹੈ ਤਾਂ ਉਹ ਸਭ ਤੋਂ ਖਤਰਨਾਕ ਮਾਨਵੀ ਸੁਪਨਿਆਂ ਦੇ ਮਰ ਜਾਣ ਨੂੰ ਹੀ ਮੰਨਦਾ ਹੈ, ਅਜਿਹੀ ਲਾਚਾਰਗੀ ਅਤੇ ਬੇਚਾਰਗੀ ਵਾਲੀ ਸਥਿਤੀ ਹੰਢਾ ਰਿਹਾ ਬੰਦਾ ਅਸਲ ਵਿੱਚ ਜੀਣ ਦੀ ਝੂਠੀ ਮਸ਼ਕ ਕਰ ਰਿਹਾ ਜਾਪਦਾ ਹੈ। ਉਪਰਲੇ ਲੇਖ ਵਿੱਚ ਵੀ ਅੱਗੇ ਜਾ ਕੇ ਝੂਠੀ ਆਸਥਾ ਦੇ ਜਾਲ ਵਿੱਚ ਫਸੇ ਇੱਕ ਲੜਕੀ ਦੇ ਮਜਬੂਰ ਬਾਪ ਦਾ ਬਿਆਨ ਦਰਜ ਕਰਕੇ ਪਾਠਕ ਨੂੰ ਧੁਰ ਅੰਦਰ ਤੱਕ ਹਿਲਾ ਦਿੰਦਾ ਹੈ। ਤਰਕਸ਼ੀਲਤਾ ਜੀਵਨ ਦੇ ਸੁਨਹਿਰੇ ਪੰਨੇ ਨੂੰ ਲਿਖਣ ਲਈ ਜ਼ਰੂਰੀ ਹੈ, ਸਾਡੀ ਤਰਕਸ਼ੀਲ ਲਹਿਰ ਨਾਲ ਜੁੜੇ ਸਰਗਰਮ ਅਤੇ ਇਮਾਨਦਾਰੀ ਨਾਲ ਕਾਰਜਸ਼ੀਲ ਲੋਕਾਂ ਦੀ ਤਿਆਰ ਕੀਤੀ ਇੱਕ ਸ਼ਕਤੀਸ਼ਾਲੀ ਲਹਿਰ ਦੇ ਬਾਵਜੂਦ ਇੱਕ ਬਾਪ ਆਪਣੀ ਮਾਨਸਿਕ ਰੂਪ ਵਿੱਚ ਬੀਮਾਰ ਧੀ ਦੇ ਇਲਾਜ ਬਹਾਨੇ ਇੱਕ ਪਾਖੰਡੀ ਸਾਧ ਵੱਲੋਂ ਉਸ ਦੇ ਸਰੀਰਕ ਸ਼ੋਸ਼ਣ ਕਰਨ ਨੂੰ ਵਾਜਬ ਸਮਝਦਾ ਹੈ। ਅੰਧ-ਵਿਸ਼ਵਾਸ ਵਿੱਚ ਗ੍ਰਸੇ ਸਮਾਜ ਦੇ ਲੋਕਾਂ ਲਈ ਇਹ ਪਾਖੰਡੀ ਬਾਬੇ/ਸਾਧ-ਸੰਤ ਆਪਣੀ ਦੁਕਾਨਦਾਰੀ ਬੇਰੋਕਟੋਕ ਚਲਾਈ ਜਾ ਰਹੇ ਹਨ। ਲੜਕੀ ਦੇ ਉਸ ਬਾਪ ਦੀ ਸਥਿਤੀ ਦੇਖ ਕੇ ਸਾਡੇ ਤਰਕਸ਼ੀਲ ਲਹਿਰ ਨਾਲ ਜੁੜੇ ਕਾਰਕੁੰਨ ਅਤੇ ਸਾਰੀਆਂ ਖੱਬੇ ਪੱਖੀ ਲਹਿਰਾਂ ਵਿੱਚ ਕਾਰਜਸ਼ੀਲ ਲੋਕ ਹੈਰਾਨ ਵੀ ਹੋ ਰਹੇ ਤੇ ਪਰੇਸ਼ਾਨ ਵੀ, ਉਹ ਵੀ ਉਦੋਂ ਜਦੋਂ ਇਹ ਗੱਲ ਇੱਕ ਕਾਮਰੇਡ ਆਪਣੀ ਪੁਸਤਕ ਵਿੱਚ ਦਰਜ ਕਰ ਰਿਹਾ ਹੋਵੇ। ਉਹ ਮਜਬੂਰ ਬਾਪ ਜਦੋਂ ਹਉਕਾ ਲੈ ਕੇ ਕਹਿ ਰਿਹਾ ਹੋਵੇ :

"ਸਾਡੀ ਗਰੀਬਾਂ ਦੀ ਐਸੀ ਕਿਸਮਤ ਕਿੱਥੋਂ ਆ
ਬਾਈ, ਕਿ ਬਾਬਾ ਜੀ ਮੇਰੀ ਧੀ ਨਾਲ .. ਕਰ ਲੈਂਦੇ।"

ਜੇ ਸਮਾਜ ਅਜੋਕੇ ਦੌਰ ਦੇ ਅਜਿਹੇ ਆਲਮ ਵਿੱਚੋਂ ਗੁਜ਼ਰ ਰਿਹਾ ਹੈ, ਤਾਂ ਅਸੀਂ ਸਾਰੇ ਕਿੱਥੇ ਖੜੇ ਹਾਂ? ਇਹ ਸੁਆਲ ਸਾਨੂੰ ਪਰੇਸ਼ਾਨ ਕਰਦਾ ਹੈ।

ਜਦੋਂ ਅਸੀਂ ਕਾਲਜ/ਯੂਨੀਵਰਸਿਟੀ ਵਿੱਚ ਪੜ੍ਹਦੇ ਸੀ ਤਾਂ ਖੱਬੀਆਂ ਧਿਰਾਂ ਜਿਨ੍ਹਾਂ ਦੀ ਉਸ ਸਮੇਂ ਵਿਦਿਆਰਥੀਆਂ ਵਿੱਚ ਚੰਗੀ ਰਸਾਈ ਸੀ, ਬਹੁਤ ਵਾਰੀ ਵਿਦਿਆਰਥੀ ਚੋਣਾਂ ਖੱਬੀਆਂ ਧਿਰਾਂ ਨਾਲ ਜੁੜੀਆਂ ਵਿਦਿਆਰਥੀ ਜਥੇਬੰਦੀਆਂ ਵਿੱਚ ਹੀ ਮੁਕਾਬਲਾ ਹੁੰਦਾ ਸੀ, ਇਸ ਮੰਤਵ ਲਈ ਉਹ ਅੱਧੀ-ਅੱਧੀ ਰਾਤ ਤੱਕ ਆਪੋ-ਆਪਣੇ 'ਸਕੂਲ' ਲਾਉਂਦੀਆਂ ਸੀ, ਭਾਵੇਂ ਉਨ੍ਹਾਂ ਸਕੂਲਾਂ ਵਿਚਲੇ ਕੁਝ ਵਿਦਿਆਰਥੀ ਸੱਤਾ ਨਾਲ ਜੁੜੀਆਂ ਵੱਖ-ਵੱਖ ਪਾਰਟੀਆਂ ਵਿੱਚ ਸੱਤਾਹੀਣ ਹੋ ਕੇ ਨਾਮ/ਬਦਨਾਮੀ ਖੱਟ ਚੁੱਕੇ ਹਨ, ਪਰ ਸਮੁੱਚੇ ਸਮਾਜ ਨੂੰ ਜੇ ਅੱਜ ਤੱਕ ਵੀ ਲੋਕਾਂ ਲਈ, ਉਨ੍ਹਾ ਦੇ ਚੰਗੇਰੇ ਜੀਵਨ ਅਤੇ ਭਵਿੱਖ ਲਈ ਲੜਨ ਵਾਲੇ ਲੋਕਾਂ (ਕਾਮਰੇਡਾਂ) ਬਾਰੇ ਸਹੀ ਤਸਵੀਰ ਨਹੀਂ ਪਹੁੰਚ ਰਹੀ ਤਾਂ ਇਸ ਕਿਤਾਬ ਦਾ ਇੱਕ ਹੋਰ ਲੇਖ "ਅਸੀਂ ਗਰੀਬਾਂ ਨੇ ਕੀ ਕਾਮਰੇਡ ਬਣਨਾ... ? " ਬਹੁਤ ਹੀ ਸਟੀਕ ਢੰਗ ਨਾਲ ਸਾਡੇ ਸਾਹਮਣੇ ਇੱਕ ਵੱਡਾ ਸੁਆਲ ਖੜਾ ਕਰਦਾ ਨਜ਼ਰ ਆਉਂਦਾ ਹੈ, ਜਦੋਂ ਕੋਈ ਕਾਮਰੇਡ ਕਿਸੇ ਆਮ ਬੰਦੇ ਨੂੰ ਕਾਮਰੇਡ ਕਹਿ ਕੇ ਸੰਬੋਧਨ ਕਰਦਾ ਹੈ ਤਾਂ ਉਹ ਤ੍ਰਭਕ ਕੇ ਪਿੱਛੇ ਹੋ ਜਾਂਦਾ ਹੈ ਤਾਂ ਕਾਮਰੇਡ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਅਸੀਂ ਭਾਵੇਂ ਲੋਕਾਂ ਨੂੰ ਉਨ੍ਹਾਂ ਦੀ ਹੋ ਰਹੀ ਲੁੱਟ ਤੋਂ ਸੁਚੇਤ ਕਰਨ ਦਾ ਦਮ ਭਰਦੇ ਆ ਰਹੇ ਹਾਂ, ਪਰ ਅਸੀਂ ਤਾਂ ਅਜੇ ਤੱਕ ਉਸ 'ਜੁਆਨ' ਨੂੰ ਇਹ ਵੀ ਸਮਝ ਨਹੀਂ ਸਕੇ ਕਿ ਕਾਮਰੇਡ ਕੌਣ ਹੁੰਦਾ ਹੈ? ਜਦਕਿ ਇਹ 'ਜੁਆਨ' ਉਸ ਸਮਾਜਿਕ ਵਰਗ ਵਿੱਚੋਂ ਹੀ ਜਿਸ ਦੀ ਖਾਤਰ ਅਸੀਂ ਜ਼ਿੰਦਗੀ ਭਰ ਲੜਨ ਦਾ ਅਹਿਦ ਕਰਕੇ ਘਰੋਂ ਤੁਰੇ ਹਾਂ। ਇਸ ਕਿਤਾਬ ਵਿਚਲੇ ਅਜਿਹੇ ਹੋਰ ਕਈ ਲੇਖ ਵੀ ਹਨ, ਜੋ ਸਮਾਜਿਕ ਨਾ-ਬਰਾਬਰੀ, ਸਮਾਜਿਕ ਕੁਰੀਤੀਆਂ ਦਾ ਜ਼ਿਕਰ ਬੇਬਾਕੀ ਨਾਲ ਕਰਦੇ ਨਜ਼ਰ ਆਉਂਦੇ ਹਨ। ਇਨ੍ਹਾਂ ਲੇਖਾਂ ਦੀ ਖੂਬਸੂਰਤੀ ਅਤੇ ਭਰੋਸੇਯੋਗਤਾ ਇਸ ਕਰਕੇ ਵੀ ਵਧ ਜਾਂਦੀ ਹੈ ਕਿ ਪਾਸਲਾ ਨੇ ਇਨ੍ਹਾਂ ਲੇਖਾਂ ਵਿਚਲਾ ਬਿਰਤਾਂਤ ਆਪਣੇ ਨਿੱਜ ਨਾਲ ਜੁੜ ਕੇ ਉਸਾਰਿਆ ਹੈ। ਬਿਰਤਾਂਤ ਸਿਰਜਣ ਦੀ ਇਹ ਵਿਧੀ ਅਤੇ ਭਾਸ਼ਣ ਕਲਾ ਲਈ ਵੀ ਇਹ ਵਿਧੀ ਬਹੁਤ ਸਫਲ ਮੰਨੀ ਜਾਂਦੀ ਹੈ, ਪੜ੍ਹਨ-ਸੁਣਨ ਵਾਲਾ ਅਜਿਹੀ ਵਿਧੀ ਨਾਲ ਉਸਾਰੇ ਬਿਰਤਾਂਤ ਅਤੇ ਉਚਾਰ ਨੂੰ ਗਹੁ ਨਾਲ ਪੜ੍ਹਦਾ-ਸੁਣਦਾ ਵੀ ਹੈ ਅਤੇ ਅਮਲ ਕਰਨ ਦਾ ਯਤਨ ਵੀ ਕਰਦਾ ਹੈ।

ਕਿਤਾਬ ਦੇ ਦੂਜੇ ਭਾਗ ਵਿੱਚ ਕਵਿਤਾਵਾਂ, ਗਜ਼ਲਾਂ ਅਤੇ ਗੀਤ ਹਨ। ਇਨ੍ਹਾਂ ਬਾਰੇ ਪਾਸਲਾ ਪਹਿਲਾਂ ਹੀ ਲਿਖ ਚੁੱਕਾ ਹੈ ਕਿ ਇਨ੍ਹਾਂ ਦਾ ਮੁਲਾਂਕਣ 'ਕਮਿਊਨਿਸਟ ਕੁਲਵਕਤੀ ' ਦੇ ਦਿਲ ਅੰਦਰ ਛੁਪੇ ਵਲਵਲੇ ਸਮਝ ਕੇ ਹੀ ਕੀਤਾ ਜਾਵੇ। ਸਾਡੀ ਉਮਰ ਦੇ ਪੰਜਾਬੀ ਪਾਠਕਾਂ ਨੂੰ ਅਜਿਹੇ ਹੀ ਇੱਕ ਕੁਲਵਕਤੀ ਸਾਹਿਤਕਾਰ 'ਸੰਤੋਖ ਸਿੰਘ ਧੀਰ' ਦੀ ਯਾਦ ਆਉਂਦੀ ਹੋਵੇਗੀ, ਜਿਨ੍ਹਾਂ ਦੀ ਕਵਿਤਾ, ਕਹਾਣੀ, ਨਾਵਲ ਜਾਂ ਕਿਸੇ ਹੋਰ ਵਿਧਾ ਨਾਲ ਜੁੜੀ ਲਿਖਤ ਪੜ੍ਹਦਿਆਂ ਇਹ ਸ਼ਨਾਖਤ ਭਲੀ-ਭਾਂਤ ਹੋ ਜਾਂਦੀ ਸੀ ਕਿ ਇਹ ਲਿਖਤ ਧੀਰ ਹੁਰਾਂ ਦੀ ਹੈ। ਉਹ ਭਾਵੇਂ ਕੁਲਵਕਤੀ ਲੇਖਕ ਸਨ, ਪਰ ਵਿਚਾਰਧਾਰਕ ਪੈਂਤੜੇ ਤੋਂ ਉਹ ਹਰ ਥਾਂ ਪੱਕੇ ਪੈਰੀਂ ਖੜੇ ਨਜ਼ਰ ਆਉਂਦੇ ਸਨ, ਇਸੇ ਤਰ੍ਹਾਂ ਹੀ ਮੰਗਤ ਰਾਮ ਪਾਸਲਾ ਦੀ ਇਸ ਕਿਤਾਬ ਦਾ ਇਹ ਹਿੱਸਾ ਵੀ ਭਾਵੇਂ ਭਾਵਨਾਤਮਕ ਰੂਪ 'ਚ ਰਚਨਾ, ਕਵਿਤਾ, ਗਜ਼ਲ ਜਾਂ ਗੀਤ ਦੇ ਰੂਪ ਵਿੱਚ ਪੇਸ਼ ਹੋ ਰਿਹਾ ਹੋਵੇ, ਉਹ ਵਿਚਾਰਧਾਰਕ ਪੈਂਤੜੇ ਤੋਂ ਇੱਥੇ ਹੀ ਪੱਕੇ ਪੈਰੀਂ ਖੜਾ ਨਜ਼ਰ ਆਵੇਗਾ।' ਕਵਿਤਾ ਚਾਹੇ ਦੇਸ਼ ਦੀ ਆਜ਼ਾਦੀ ਦੇ ਜਸ਼ਨ ਦੀ ਹੋਵੇ, ਕਿਸਾਨ ਅੰਦੋਲਨ ਨਾਲ ਜੁੜੀ ਹੋਵੇ, ਰਾਵਣ ਨੂੰ ਫੂਕਣ ਦਾ ਬਿਰਤਾਂਤ ਪੇਸ਼ ਕਰ ਰਹੀ ਹੋਵੇ, ਮਨੀਪੁਰ ਵਿਚਲੀਆਂ ਧੀਆਂ ਦੀ ਹੋਈ ਬੇਹੁਰਮਤੀ ਦੀ ਗੱਲ ਕਰਦੀ ਹੋਵੇ, ਬਾਲੜੀਆਂ ਦੇ ਸਰੀਰਕ ਸ਼ੋਸ਼ਣ ਦੀ ਬਾਤ ਪਾਉਂਦੀ ਹੋਵੇ, ਫਲਸਤੀਨੀਆਂ ਦੇ ਹੋ ਰਹੇ ਘਾਣ ਦੀ ਗੱਲ ਕਰਦੀ ਹੋਵੇ, ਵਰਤਮਾਨ ਰਾਜਨੀਤੀ ਵਿੱਚ ਆ ਰਹੀ ਗਿਰਾਵਟ ਦੀ ਕਹਾਣੀ ਹੋਵੇ ਜਾਂ ਕਿਸੇ ਵੀ ਹੋਰ ਆਰਥਿਕ, ਸਮਾਜਿਕ, ਸੱਭਿਆਚਾਰਕ ਮਸਲੇ ਨਾਲ ਨਜਿੱਠਦੀ ਹੋਵੇ, ਹਰ ਥਾਂ ਪਾਠਕ ਨੂੰ ਪਾਸਲਾ ਆਪਣੀ ਉਸ ਵਿਚਾਰਧਾਰਕ ਸੋਚ 'ਤੇ ਠੋਕ ਕੇ ਪਹਿਰਾ ਦਿੰਦਾ ਨਜ਼ਰ ਆਵੇਗਾ। ਈਮਾਨਦਾਰੀ ਨਾਲ ਕੀਤੀ ਜੱਦੋ-ਜਹਿਦ ਦੇ ਬਾਵਜੂਦ ਮਕਸਦ ਦੀ ਅਪੂਰਤੀ ਪਾਸਲੇ ਸਮੇਤ ਹਰ ਸ਼ਖਸ ਨੂੰ ਪਰੇਸ਼ਾਨ ਕਰਦੀ ਹੈ। ਸੰਘਰਸ਼ਾਂ ਬਾਰੇ ਪੁਨਰ ਵਿਚਾਰ ਕਰਨ ਦੀ ਗੁਜਾਇੰਸ਼ ਹੋਵੇ ਤਾਂ ਕਰ ਲੈਣਾ ਚਾਹੀਦਾ ਹੈ। ਕਿਤਾਬ ਦੇ ਆਰੰਭ ਵਿੱਚ ਸਾਡੇ ਸਮਿਆਂ

3-Nov-Sunday.qxd 11/2/2024 8:40 PM Page 6

ਵਿਚਾਰਾਂ ਦੀ ਵੰਨ-ਸੁਵੰਨਤਾ ਤੇ ਇਕਰਾਰਾਂ ਦੀ ਇਕਸੁਰਤਾ ਦਾ ਸੁਮੇਲ 'ਪ੍ਰਲੇਸ' ਦਾ ਕੌਮੀ ਸੈਮੀਨਾਰ

ਚੰਡੀਗੜ੍ਹ : ਅੱਜ ਜਦੋਂ ਖਿਆਲਾਂ ਦਾ ਕਾਫੀਆ ਤੰਗ ਹੋ ਰਿਹਾ ਹੋਵੇ, ਚਿੰਤਨ ਦਾ ਧਰਾਤਲ ਸੁੰਗੜ ਰਿਹਾ ਹੋਵੇ, ਸੰਵਾਦ ਫਤਵਿਆਂ ਵਿਚ ਤਬਦੀਲ ਹੋ ਰਿਹਾ ਹੋਵੇ, ਲੇਖਕ ਅਵਾਮੀ ਸਰੋਕਾਰਾਂ ਤੋਂ ਟੁੱਟ ਕੇ ਆਤਮ-ਪ੍ਰਗਟਾਵੇ ਦੇ ਖੋਲ ਤੱਕ ਸਿਮਟ ਰਿਹਾ ਹੋਵੇ, ਸੱਤਾ ਦੁਆਰਾ ਸਪਾਂਸਰਡ ਅਮਾਨਵੀ ਅਤੇ ਫਿਰਕੂ ਤਾਕਤਾਂ ਸੱਤਾ ਦੇ ਨਸ਼ੇ ਵਿੱਚ ਚੂਰ ਭਾਰਤ ਨੂੰ ਧਰਮਾਂ, ਭਾਸ਼ਾਵਾਂ, ਰੰਗਾਂ, ਨਸਲਾਂ ਅਤੇ ਖਿੱਤਿਆਂ ਦੇ ਆਧਾਰ 'ਤੇ ਵੰਡ ਰਹੀਆਂ ਹੋਣ ਅਤੇ ਅਵਾਮ ਨੂੰ ਉਹਨਾਂ ਦੇ ਅਸਲ ਮੁੱਦਿਆਂ ਤੋਂ ਭਟਕਾ ਕੇ ਨਫ਼ਰਤੀ ਮੁੱਦਿਆਂ ਦਾ ਚੋਗਾ ਸੁੱਟ ਕੇ ਵਰਗਲਾ ਰਹੀਆਂ ਹੋਣ, ਇਹੋ ਜਿਹੇ ਦੌਰ ਵਿੱਚ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਅਤੇ ਇਸ ਦੀ ਪੰਜਾਬ ਇਕਾਈ ਵੱਲੋਂ ਕਰਵਾਇਆ ਗਿਆ ਰਾਸ਼ਟਰੀ ਸੈਮੀਨਾਰ ਅਵਾਮ ਦੀ ਏਕਤਾ, ਇਕਸੁਰਤਾ ਅਤੇ ਵੰਨ-ਸੁਵੰਨਤਾ ਅਤੇ ਸੰਵਾਦੀ ਵਿਰਾਸਤ ਦਾ ਵਿਲੱਖਣ ਉਦਾਹਰਨ ਸੀ।

ਫੈਜ਼ ਅਹਿਮਦ ਫੈਜ਼ ਯਾਦਗਾਰੀ ਭਵਨ ਦੇ ਰੂਪ ਵਿਚ ਰੂਪਾਂਤਰਿਤ ਕੀਤੇ ਚੰਡੀਗੜ੍ਹ ਦੇ ਕਲਾ ਭਵਨ ਵਿਚ ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ ਕਰਵਾਇਆ ਇਹ ਸੈਮੀਨਾਰ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਹੋਕਾ ਦੇਣ ਵਾਲੀ ਪੰਜਾਬ ਦੀ ਧਰਤੀ ਉੱਤੇ ਬੁੱਲ੍ਹੇ ਸ਼ਾਹ ਦੀ ਇਸ ਆਵਾਜ਼ 'ਸੱਚ ਆਖ ਮਨਾ ਕਿਉਂ ਡਰਨਾ ਏਂ' ਨਾਲ ਸ਼ੁਰੂ ਹੋਇਆ ਅਤੇ ਪੂਰਾ ਦਿਨ 19 ਰਾਜਾਂ ਦੇ ਸਾਢੇ ਤਿੰਨ ਸੌ ਅਦੀਬ ਖਿਆਲਾਂ ਅਤੇ ਸੰਵਾਦ ਦਾ ਆਦਾਨ-ਪ੍ਰਦਾਨ ਕਰਦੇ ਰਹੇ।

ਉਦਘਾਟਨੀ ਸੈਸ਼ਨ 'ਭਾਰਤੀ ਜਮਹੂਰੀਅਤ, ਸਮਾਜਿਕ ਨਿਆਂ ਅਤੇ ਸਾਹਿਤ' ਵਿਸ਼ੇ 'ਤੇ ਬੋਲਦਿਆਂ ਦਲਿਤ ਚਿੰਤਨ 'ਤੇ ਆਪਣੀ ਵਿਸ਼ੇਸ਼ ਪਕੜ ਰੱਖਣ ਵਾਲੇ ਆਂਧਰਾ ਪ੍ਰਦੇਸ਼ ਦੇ ਪ੍ਰਸਿੱਧ ਵਿਦਵਾਨ ਪ੍ਰੋਫੈਸਰ ਕਾਂਚਾਇਲਈਆ ਸ਼ੈਫਰਡ ਨੇ ਭਾਰਤੀ ਚਿੰਤਨ ਦੀ ਮੁੱਖ ਧਾਰਾ ਵਿੱਚੋਂ ਦਲਿਤਾਂ ਦੇ ਹਾਸ਼ੀਆਕ੍ਰਿਤ ਹੋ ਜਾਣ ਦੀ ਸਾਜ਼ਿਸ਼ 'ਤੇ ਉਂਗਲ ਧਰਦਿਆਂ ਕਿਹਾ ਕਿ ਮਨੂਵਾਦ ਭਾਰਤ ਵਿੱਚ ਇਸਲਾਮ ਜਾਂ ਈਸਾਈ ਧਰਮ ਦੇ ਵਿਕਾਸ ਨੂੰ ਰੋਕਣ ਲਈ ਨਹੀਂ ਸੀ, ਸਗੋਂ ਸ਼ੂਦਰਾਂ/ ਦਲਿਤਾਂ ਅਤੇ ਆਦਿਵਾਸੀਆਂ ਦੇ ਵਿਕਾਸ ਨੂੰ ਰੋਕਣ ਲਈ ਸਿਰਜਿਆ ਗਿਆ ਸੀ। ਅਸਲ ਵਿੱਚ ਇਸ ਦਾ ਸਾਰਾ ਬਿਰਤਾਂਤ ਸ਼ੂਦਰਾਂ ਦੇ ਵਿਰੁੱਧ ਹੈ। ਆਰੀਅਨ ਬ੍ਰਾਹਮਣਵਾਦ ਦੀ ਪਹਿਲੀ ਕਿਤਾਬ ਰਿਗਵੇਦ ਵਿੱਚ ਵੀ ਹਲ, ਗੈਂਤੀ, ਇੱਟ, ਚਮੜੇ ਦਾ ਜ਼ਿਕਰ ਨਹੀਂ ਕੀਤਾ ਗਿਆ, ਕਿਉਂਕਿ ਇਹਨਾਂ ਵੱਲੋਂ ਇਨ੍ਹਾਂ ਸਾਰਿਆਂ ਨੂੰ ਅਧਿਆਤਮਿਕ ਤੌਰ 'ਤੇ ਪਲੀਤ ਮੰਨਿਆ ਜਾਂਦਾ ਸੀ।

ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਰਾਸ਼ਟਰੀ ਪ੍ਰਗਤੀਸ਼ੀਲ ਲੇਖਨ ਪਰੰਪਰਾ ਦੇ ਮੋਢੀ ਖਵਾਜਾ ਅਹਿਮਦ ਅਬਾਸ ਦੀ ਭਤੀਜੀ ਸਈਦਾ ਹਮੀਦ ਨੇ ਕੀਤੀ। ਉਹਨਾ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਆਪਣੀ ਨਿੱਜੀ ਪੀੜਾ ਦੇ ਹਵਾਲੇ ਨਾਲ ਕਿਹਾ, 'ਮੈਂ ਆਪਣੀ ਜ਼ਿੰਦਗੀ ਵਿਚ ਅਨੇਕ ਪਛਾਣਾਂ ਨਾਲ ਸਮਾਂਤਰ ਕੰਮ ਕੀਤਾ, ਪਰ 2014 ਤੋਂ ਮੇਰੀ ਮੁਸਲਿਮ ਔਰਤ ਵਜੋਂ ਪਛਾਣ ਮੇਰੇ ਮੱਥੇ 'ਤੇ ਖੁਣ ਦਿੱਤੀ ਗਈ। ਹਾਲਾਂਕਿ ਇਸ ਤੋਂ ਪਹਿਲਾਂ ਮੈਂ 17 ਸਾਲਾਂ ਤੱਕ ਰਾਸ਼ਟਰੀ ਮਹਿਲਾ ਕਮਿਸ਼ਨ ਅਤੇ ਯੋਜਨਾ ਕਮਿਸ਼ਨ ਵਰਗੀਆਂ ਉੱਚ ਸੰਸਥਾਵਾਂ ਸਮੇਤ ਵੱਖ-ਵੱਖ ਰਾਸ਼ਟਰੀ ਸੰਸਥਾਵਾਂ 'ਤੇ ਕੰਮ ਕੀਤਾ ਸੀ। ਮੇਰਾ ਕੰਮ ਜਾਤ, ਵਰਗ, ਧਰਮ ਜਾਂ ਨਸਲ ਦੀ ਪਰਵਾਹ ਕੀਤੇ ਬਿਨਾਂ ਸਾਰੇ ਭਾਰਤੀਆਂ ਲਈ ਸੀ।'

ਜਰਨਲਿਜ਼ਮ ਦੇ ਖੇਤਰ ਦੀ ਬੁਲੰਦ ਆਵਾਜ਼ ਉਰਮਿਲੇਸ਼ ਨੇ ਕਿਹਾ ਕਿ ਦੇਸ਼ ਦੀ ਰਾਜਨੀਤੀ ਵਿੱਚ ਕਦੇ ਅੰਬੇਡਕਰ ਨੂੰ ਅਛੂਤ ਮੰਨਿਆ ਜਾਂਦਾ ਸੀ, ਪਰ ਪਿਛਲੇ ਸਮੇਂ ਤੋਂ ਅੰਬੇਡਕਰ ਦੇ ਵਿਚਾਰਾਂ ਨੂੰ ਨਿੱਠ ਕੇ ਪੜ੍ਹਿਆ ਜਾਣ ਲੱਗਾ ਹੈ। ਸਾਹਿਤ ਦੇ ਖੇਤਰ ਵਿਚ ਪ੍ਰੇਮਚੰਦ ਇਕੱਲੇ ਲੇਖਕ ਅਤੇ ਪੱਤਰਕਾਰ ਸਨ, ਜਿਨ੍ਹਾ ਆਪਣੇ ਰਸਾਲੇ 'ਹੰਸ' ਦੇ ਪਹਿਲੇ ਪੰਨੇ 'ਤੇ ਅੰਬੇਡਕਰ ਦੀ ਤਸਵੀਰ ਛਾਪੀ ਸੀ। ਉਹਨਾ ਕਿਹਾ ਕਿ ਅੰਬੇਡਕਰ ਆਪਣੀ ਅਗਵਾਈ ਹੇਠ ਬਣੀ ਸੰਵਿਧਾਨ ਸਭਾ ਦੇ ਸੰਵਿਧਾਨ ਤੋਂ ਸੰਤੁਸ਼ਟ ਨਹੀਂ ਸਨ।ਇਸ ਲਈ ਉਨ੍ਹਾ ਨੇ ਇੱਕ ਬਦਲਵੇਂ ਸੰਵਿਧਾਨ ਦਾ ਖਰੜਾ ਤਿਆਰ ਕੀਤਾ।

ਇਸ ਤੋਂ ਪਹਿਲਾ ਇਸ ਸੈਸ਼ਨ ਦਾ ਆਗਾਜ਼ ਕਰਦਿਆਂ ਸੰਸਥਾ ਦੇ ਪ੍ਰਧਾਨ ਅਤੇ ਆਂਧਰਾ ਪ੍ਰਦੇਸ਼ ਦੇ ਪ੍ਰਸਿੱਧ ਚਿੰਤਕ ਪੀ. ਲਕਸ਼ਮੀਨਾਰਾਇਣਾ ਨੇ ਕਿਹਾ

ਕਿ ਅੱਜ ਦੇ ਸਾਜ਼ਿਸ਼ੀ ਹਾਲਾਤ ਵਿਚ ਅਜਿਹਾ ਮਾਹੌਲ ਸਿਰਜਣ ਦੀ ਜ਼ਰੂਰਤ ਹੈ, ਜਿੱਥੇ ਅਸਲ ਲੋਕਤੰਤਰ ਸਾਡੇ ਸਮਾਜ ਵਿੱਚ ਜੜ੍ਹਾਂ ਫੜ ਸਕੇ। ਅਗਾਂਹਵਧੂ ਲੇਖਕਾਂ ਅਤੇ ਕਲਾਕਾਰਾਂ ਵਜੋਂ ਸਾਨੂੰ ਇਸ ਦਿਸ਼ਾ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਣੀ ਪਵੇਗੀ, ਕਿਉਂਕਿ ਕਿਸੇ ਵੀ ਚੀਜ਼ ਨਾਲੋਂ ਵੱਧ ਰਚਨਾਤਮਕ ਕਲਾ ਸਿੱਧੇ ਤੌਰ 'ਤੇ ਲੋਕਾਂ ਦੇ ਦਿਲਾਂ ਨੂੰ ਛੂੰਹਦੀ ਹੈ। ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਮਰਹੂਮ ਪ੍ਰੋ. ਚੌਥੀ ਰਾਮ ਯਾਦਵ, ਡਾ: ਸੁਰਜੀਤ ਪਾਤਰ ਅਤੇ ਡਾ: ਮੋਹਨਜੀਤ ਨੂੰ ਯਾਦ ਕਰਦਿਆਂ ਕਿਹਾ ਕਿ ਬੇਸ਼ੱਕ ਹੁਕਮਰਾਨ ਅਸਹਿਮਤੀ ਰੱਖਣ ਵਾਲੀ ਹਰ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ, ਪਰ ਜਾਗਦੀ ਜ਼ਮੀਰ ਵਾਲੇ ਲੋਕ ਬੁੱਲ੍ਹੇ ਸ਼ਾਹ ਦੀ ਵਿਰਾਸਤ ਨੂੰ ਅਗਾਂਹ ਤੋਰਦੇ ਹੋਏ ਸੱਤਾ ਦੇ ਹਰ ਫਤਵੇ ਦੇ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰ ਰਹੇ ਹਨ।

'ਭਾਰਤੀ ਲੋਕਤੰਤਰ ਸਾਹਵੇਂ ਚੁਣੌਤੀਆਂ' ਵਿਸ਼ੇ 'ਤੇ ਆਯੋਜਿਤ ਸੈਸ਼ਨ 'ਚ ਪ੍ਰਲੇਸ ਦੇ ਰਾਸ਼ਟਰੀ ਕਾਰਜਕਾਰੀ ਪ੍ਰਧਾਨ ਵਿਭੂਤੀ ਨਰਾਇਣ ਰਾਏ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਦੇਸ਼ ਦੇ ਧਰਮ ਨਿਰਪੱਖ ਢਾਂਚੇ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ। ਅੱਜ 75 ਸਾਲਾਂ ਬਾਅਦ ਵੱਖਵਾਦ ਦੀਆਂ ਆਵਾਜ਼ਾਂ ਬੇਸ਼ੱਕ ਕਮਜ਼ੋਰ ਹੋਈਆਂ ਹਨ, ਪਰ ਪੂਰੀ ਤਰ੍ਹਾਂ ਅਲੋਪ ਨਹੀਂ ਹੋਈਆਂ। ਉਹ ਕਿਸੇ ਵੀ ਸਮੇਂ ਰਾਸ਼ਟਰ ਰਾਜ ਬਣਨ ਦੀ ਯਾਤਰਾ ਨੂੰ ਪਟੜੀ ਤੋਂ ਉਤਾਰ ਸਕਦੇ ਹਨ।ਸੀਨੀਅਰ ਪ੍ਰਗਤੀਸ਼ੀਲ ਲੇਖਕ ਵਰਿੰਦਰ ਯਾਦਵ ਅਨੁਸਾਰ ਦੇਸ਼ ਵਿੱਚ ਸਿਆਸੀ ਲੋਕਤੰਤਰ ਨੂੰ ਬਚਾਉਣ ਦੀ ਲੜਾਈ ਚੱਲ ਰਹੀ ਹੈ। ਉਹਨਾ ਕਿਹਾ ਕਿ ਹਿੰਦੂ ਰਾਜ ਦਾ ਸੰਕਲਪ ਸਮਾਨਤਾ ਵਿਰੋਧੀ ਹੈ। ਆਪਣੇ ਸਮੇਂ ਦੌਰਾਨ ਪ੍ਰੇਮਚੰਦ, ਅੰਬੇਡਕਰ ਅਤੇ ਭਗਤ ਸਿੰਘ ਵਰਗੇ ਚਿੰਤਕ ਇਸ ਗੱਲ ਨੂੰ ਬਹੁਤ ਚੰਗੀ ਤਰ੍ਹਾਂ ਸਮਝ ਰਹੇ ਸਨ। ਆਰ ਐੱਸ ਐੱਸ ਵਰਗੇ ਅਦਾਰਿਆਂ ਨੂੰ ਮਾਰਕਸਵਾਦ ਆਪਣਾ ਦੁਸ਼ਮਣ ਲਗਦਾ ਹੈ। ਇਸ ਲਈ ਉਹ ਇਸ ਵਿਚਾਰਧਾਰਾ ਨੂੰ 'ਟੁਕੜੇ ਟੁਕੜੇ ਗੈਂਗ' ਅਤੇ 'ਅਰਬਨ ਨਕਸਲ' ਕਹਿ ਕੇ ਨਫ਼ਰਤੀ ਲਹਿਜੇ ਵਿਚ ਭੰਡ ਰਿਹਾ ਹੈ।

ਰਾਜਸਥਾਨ ਦੇ ਬਜ਼ੁਰਗ ਲੇਖਕ ਹੇਤੂ ਭਾਰਦਵਾਜ ਨੇ ਕਿਹਾ ਕਿ ਸਾਨੂੰ ਅਤੀਤ ਦੇ ਬੇਲੋੜੇ ਗੁਣਗਾਨ ਤੋਂ ਮੁਕਤ ਹੋ ਕੇ ਨੌਜਵਾਨਾਂ ਨਾਲ ਸੰਵਾਦ ਰਚਾਉਣ ਦੀ ਜ਼ਰੂਰਤ ਹੈ। ਮੱਧ ਪ੍ਰਦੇਸ਼ ਤੋਂ ਪਹੁੰਚੀ ਨਾਰੀ ਚਿੰਤਕ ਪ੍ਰੋ. ਆਰਤੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਭਾਵੇਂ ਮਸਲਾ ਜਾਤ ਜਾਂ ਲਿੰਗ ਜਾਂ ਨਸਲੀ ਜਾਂ ਧਾਰਮਿਕ ਅਸਮਾਨਤਾ ਦਾ ਹੋਵੇ, ਇਹ ਸਾਰੀਆਂ ਲੜਾਈਆਂ ਮਜ਼ਲੂਮਾਂ ਵੱਲੋਂ ਲੜੀਆਂ ਜਾ ਰਹੀਆਂ ਹਨ, ਜੋ ਇਸ ਦਾ ਸ਼ਿਕਾਰ ਰਹੇ ਹਨ ਅਤੇ ਇਸੇ ਲਈ ਇਹ ਲੜਾਈਆਂ ਖਿੰਡੀਆਂ ਹੋਈਆਂ ਹਨ।

'ਸਮਾਜਿਕ ਪਰਿਵਰਤਨ ਦੀਆਂ ਦਿਸ਼ਾਵਾਂ ਅਤੇ ਸਾਹਿਤ' ਦੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਝਾਰਖੰਡ ਦੇ ਪ੍ਰਸਿੱਧ ਵਿਦਵਾਨ ਰਣੇਂਦਰ ਨੇ ਵਿਸ਼ਵ ਨਾਵਲ ਦੇ ਹਵਾਲੇ ਨਾਲ ਕਾਰਪੋਰੇਟ ਆਰਥਿਕਤਾ ਦੇ ਕ੍ਰੂਰ ਚਿਹਰੇ ਦੀਆਂ ਪਰਤਾਂ ਉਤਾਰਦਿਆਂ ਇਹ ਕਹਿਣ ਦੀ ਕੋਸ਼ਿਸ਼ ਕੀਤੀ ਕਿ ਕਾਰਪੋਰੇਟ ਆਰਥਿਕਤਾ ਦੀ ਵਲਗਣ ਵਿਚ ਆਮ ਆਦਮੀ ਦੀ ਸਪੇਸ ਲਗਾਤਾਰ ਸੁੰਗੜਦੀ ਜਾ ਰਹੀ ਹੈ।

ਉੱਤਰ ਪ੍ਰਦੇਸ਼ ਤੋਂ ਡਾ. ਅਸ਼ੀਸ਼ ਤ੍ਰਿਪਾਠੀ ਨੇ ਕਿਹਾ ਕਿ ਵਿਸ਼ਵੀਕਰਨ ਅਤੇ ਉਦਾਰਵਾਦ ਦੇ ਨਾਂ 'ਤੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਰਹਿਨੁਮਾਈ ਕਰਨ ਵਾਲੇ ਰਹਿਬਰ ਰਾਹਜਨੀ ਦੇ ਰਾਹ ਪਏ ਹੋਏ ਹਨ। ਗਲੋਬਲਾਈਜ਼ੇਸ਼ਨ ਦੇ ਦੈਂਤ ਦਾ ਹੁਣ ਸਭ ਤੋਂ ਵੱਡਾ ਹਮਲਾ ਪਰਵਾਰਾਂ ਨੂੰ ਤੋੜਨ ਉੱਪਰ ਹੈ।

ਮੱਧ ਪ੍ਰਦੇਸ਼ ਦੀ ਲੇਖਕਾ ਅਤੇ ਸਮਾਜਿਕ ਕਾਰਕੁਨ ਸਾਰਿਕਾ ਸ੍ਰੀਵਾਸਤਵ ਨੇ ਕਿਹਾ ਕਿ ਇਕ ਪਾਸੇ ਨੌਜਵਾਨਾਂ ਦੀ ਆਬਾਦੀ ਦੇ ਇੱਕ ਵੱਡੇ ਹਿੱਸੇ ਕੋਲ ਰੁਜ਼ਗਾਰ ਦੇ ਲੋੜੀਂਦੇ ਮੌਕੇ ਨਹੀਂ ਹਨ ਤੇ ਖੇਤ ਮਜ਼ਦੂਰਾਂ ਲਈ ਰੋਜ਼ੀ-ਰੋਟੀ ਦਾ ਕੋਈ ਬਦਲਵਾਂ ਸਾਧਨ ਨਹੀਂ ਹੈ, ਦੂਜੇ ਪਾਸੇ ਅੱਜ ਸਭ ਤੋਂ ਵੱਡੀ ਚੁਣੌਤੀ ਸੰਵਿਧਾਨਿਕ ਸੰਸਥਾਵਾਂ ਨੂੰ ਬਚਾਉਣ ਦੀ ਹੈ। ਇਸ ਸੈਸ਼ਨ ਨੂੰ ਸਮੇਟਦਿਆਂ ਪ੍ਰਗਤੀਸ਼ੀਲ ਲਹਿਰ ਦੇ ਕੌਮੀ ਥੰਮ੍ਹ ਅਤੇ ਬਹੁਵਿਧਾਈ ਲੇਖਕ ਵਿਨੀਤ ਤਿਵਾੜੀ ਨੇ ਕਿਹਾ ਕਿ ਲੋਕਰਾਜ ਨੂੰ ਸਿਰਫ਼ ਵੋਟ ਤੰਤਰ ਨਾਲ ਨਹੀਂ ਬਚਾਇਆ ਜਾ ਸਕਦਾ, ਬਲਕਿ ਹੇਠਲੇ ਪੱਧਰ ਤੋਂ ਉਪਰਲੀਆਂ ਸਫ਼ਾਂ ਤੱਕ ਜਮਹੂਰੀ ਅਮਲ ਦਿਖਾਈ ਦੇਣਾ ਚਾਹੀਦਾ ਹੈ।

'ਪਛਾਣ ਦੀ ਰਾਜਨੀਤੀ ਅਤੇ ਸਾਹਿਤ' ਦੇ ਹਵਾਲੇ ਨਾਲ ਆਖਰੀ ਸੈਸ਼ਨ ਵਿਚ ਖਾਲਿਦ ਹੁਸੈਨ ਨੇ ਕਸ਼ਮੀਰ ਦੇ ਹਵਾਲੇ ਨਾਲ ਕਿਹਾ ਕਿ ਕਸ਼ਮੀਰ ਦਾ ਭਾਰਤ ਨਾਲ ਰਿਸ਼ਤਾ ਸੱਸ ਅਤੇ ਨੂੰਹ ਵਰਗਾ ਹੈ। ਕਸ਼ਮੀਰ ਨਿਰੰਤਰ ਜਬਰ ਅਤੇ ਅੱਤਵਾਦ ਦਾ ਸ਼ਿਕਾਰ ਬਣਿਆ ਹੋਇਆ ਹੈ। ਉੱਥੇ ਅਭਿਵਿਅਕਤੀ ਦੀ ਆਜ਼ਾਦੀ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਗਿਆ ਹੈ। ਕਵਿਤਰੀ ਵੰਦਨਾ ਚੌਬੇ ਨੇ ਕਿਹਾ ਕਿ ਪਛਾਣ ਦੀ ਸਿਆਸਤ ਦਾ ਇਕ ਹਾਂਪੱਖੀ ਪਹਿਲੂ ਇਹ ਹੈ ਕਿ ਇਹ ਹਾਸ਼ੀਏ 'ਤੇ ਰਹੀਆਂ ਧਿਰਾਂ ਦੇ ਮੁੱਦਿਆਂ ਨੂੰ ਹਾਸ਼ੀਏ ਤੋਂ ਬਾਹਰ ਲਿਆਉਂਦੀ ਹੈ, ਪਰ ਇਹ ਸਿਆਸਤ ਇਕ ਸਾਂਝੇ ਸੰਘਰਸ਼ ਦੇ ਪੈਦਾ ਹੋਣ ਅਤੇ ਫੈਲਣ ਦੇ ਰਾਹ ਵਿਚ ਰੁਕਾਵਟ ਵੀ ਬਣਦੀ ਹੈ।

ਆਦਿਵਾਸੀ ਜਨ-ਅੰਦੋਲਨਾਂ ਦੀ ਕਾਰਕੁਨ ਡਾਕਟਰ ਕੁਸੁਮ ਮਾਧੁਰੀ ਟੋਪੋ ਨੇ ਕਿਹਾ ਕਿ ਦੇਸ਼ ਦਾ ਆਦਿਵਾਸੀ ਸਮਾਜ ਗੁਲਾਮੀ ਦੀ ਜ਼ਿੰਦਗੀ ਜੀ ਰਿਹਾ ਹੈ। ਆਪਣੇ ਨਾਲ ਹੋ ਰਹੀ ਬੇਇਨਸਾਫ਼ੀ ਦਾ ਵਿਰੋਧ ਕਰਨ ਵਾਲਿਆਂ ਨੂੰ ਨਕਸਲੀ ਕਹਿ ਕੇ ਮਾਰਿਆ ਜਾ ਰਿਹਾ ਹੈ। ਦਲਿਤ ਚਿੰਤਕ ਰਾਕੇਸ਼ ਵਾਨਖੇੜੇ ਅਨੁਸਾਰ ਦੇਸ਼ ਇੱਕ ਪਾਸੇ ਹਿੰਦੂਤਵ ਉੱਤੇ ਮਾਣ ਕਰਨ ਅਤੇ ਦੂਜੇ ਪਾਸੇ ਹਿੰਦੂਵਾਦ ਵਿੱਚ ਨਾ ਮਰਨ ਦੀ ਇੱਛਾ ਰੱਖਣ ਵਾਲੀ ਅੰਬੇਡਕਰ ਦੀ ਵਿਚਾਰਧਾਰਾ ਵਿੱਚ ਵੰਡਿਆ ਹੋਇਆ ਹੈ।

ਇਤਿਹਾਸਕਾਰ ਸੁਵਰਨ ਸਿੰਘ ਵਿਰਕ ਨੇ ਵੀ ਵਰਤਮਾਨ ਨੂੰ ਇਤਿਹਾਸਕ ਸੰਦਰਭ ਰਾਹੀਂ ਤੁਲਨਾਉਂਦਿਆਂ ਆਧੁਨਿਕ ਦੌਰ ਦਾ ਕੱਚ-ਸੱਚ ਸਾਹਮਣੇ ਲਿਆਂਦਾ।ਇਹਨਾਂ ਸਾਰੇ ਸੈਸ਼ਨਾਂ ਵਿਚ ਸਮੁੱਚੇ ਸੰਵਾਦ ਨੂੰ ਅੱਗੇ ਤੋਰਨ ਵਿਚ ਪ੍ਰਸਿੱਧ ਚਿੰਤਕ ਸਵਰਾਜਬੀਰ, ਡਾ. ਸਰਬਜੀਤ ਸਿੰਘ, ਡਾ. ਕੁਲਦੀਪ ਸਿੰਘ ਦੀਪ ਤੇ ਡਾ. ਹਰਵਿੰਦਰ ਸਿਰਸਾ ਨੇ ਅਹਿਮ ਭੂਮਿਕਾ ਨਿਭਾਈ।

ਪਿਛਲੇ ਦਿਨਾਂ ਵਿਚ ਬਹੁਤ ਹੀ ਮਿਹਨਤ ਨਾਲ ਤਿਆਰ ਕੀਤਾ ਪ੍ਰਗਤੀਸ਼ੀਲ ਲੇਖਕ ਸੰਘ ਦਾ ਸੋਵੀਨਰ ਅਤੇ ਸੰਸਥਾ ਵੱਲੋਂ ਪੰਜਾਬੀ ਦੇ ਪ੍ਰਤੀਨਿਧ ਸ਼ਾਇਰਾਂ ਦੀ ਕਵਿਤਾ ਨੂੰ ਪੰਜਾਬੀ ਵਿਚ ਉਲਥਾ ਕੇ ਤਿਆਰ ਕੀਤੀ ਪੁਸਤਕ 'ਚਲੋ ਜਿਧਰ ਉਜਿਆਰਾ ਚਲੇ' (ਸੰਪਾ. ਸੁਰਜੀਤ ਜੱਜ, ਤਰਸੇਮ ਅਤੇ ਕੁਲਦੀਪ ਸਿੰਘ ਦੀਪ) ਅਤੇ ਬਾਬਾ ਗੋਂਦਾ ਸਿੰਘ ਦੌਧਰ ਦੀ ਸਵੈ-ਜੀਵਨੀ 'ਮੇਰੀ ਜੀਵਨ ਕਥਾ : ਸੱਚੋ-ਸੱਚ' ਰਿਲੀਜ਼ ਕੀਤੀ। ਬਾਕੀ ਸੈਸ਼ਨਾਂ ਵਿਚ ਕਾਂਚਾ ਇਲੱਈਆ ਦੀ ਪੁਸਤਕ 'ਦ ਸ਼ੂਦਰ ਰਿਬੈਲੇਸ਼ਨ', ਜ਼ਾਹਿਦ ਖਾਨ ਦੀਆਂ ਦੋ ਪੁਸਤਕਾਂ 'ਸਹ ਕਿਸਕਾ ਖ਼ੂਨ ਹੈ' ਅਤੇ 'ਕੁਛ ਉਨਕੀ ਯਾਦੇਂ, ਕੁਛ ਉਨਮੇ ਬਾਤੇਂ' , ਹਰਭਗਵਾਨ ਚਾਵਲਾ ਦੀ ਪੁਸਤਕ 'ਬਾਂਸੂਰੀ', ਡਾ. ਵੰਦਨਾ ਸੁਖੀਜਾ ਅਤੇ ਗੁਰਬਖਸ਼ ਮੋਂਗਾ ਦੀ ਅਨੁਵਾਦਿਤ ਪੁਸਤਕ 'ਗੋਰੀ ਹਿਰਨੀ', ਪੂਨਮ ਸਿੰਘ ਦੀ ਪੁਸਤਕ 'ਹਿੰਦੀ ਕਵਿਤਾ ਔਰ ਨਕਸਲਵਾਦ', 'ਉਜਾੜ ਲੋਕਤੰਤਰ' ਅਤੇ 'ਖਰਪਤਵਾਰ', ਖਗੇਂਦਰ ਠਾਕੁਰ ਦੀ 'ਵਹ ਜੂਤਾ', ਹਿੰਦੀ ਮੈਗਜ਼ੀਨ 'ਕਿਤਾਬ', ਰਾਕੇਸ਼ ਵਾਨਖੇੜੇ ਦੀ ਪੁਸਤਕ 'ਪੁਰੋਗਾਮੀ' ਦਾ ਲੋਕ ਅਰਪਣ ਕੀਤਾ ਗਿਆ।

ਦੂਜੇ ਦਿਨ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੀ ਰਾਸ਼ਟਰੀ ਕਮੇਟੀ ਦੀ ਅਹਿਮ ਇਕੱਤਰਤਾ ਹੋਈ, ਜਿਸ ਵਿਚ ਸੰਸਥਾ ਦੀਆਂ 19 ਰਾਜਾਂ ਦੀਆਂ ਇਕਾਈਆਂ ਨੇ ਪੀਪਲਜ਼ ਕਨਵੈਨਸ਼ਨ ਸੈਂਟਰ ਮੁਹਾਲੀ ਵਿਚ ਸੰਗਠਨਾਤਮਕ ਮਸਲਿਆਂ ਉੱਪਰ ਸੱਤ ਘੰਟਿਆਂ ਦੇ ਕਰੀਬ ਮੀਟਿੰਗ ਕੀਤੀ। ਇਸ ਮੀਟਿੰਗ ਦੀ ਪ੍ਰਧਾਨਗੀ ਸੰਸਥਾ ਦੇ ਪ੍ਰਧਾਨ ਅਤੇ ਤਿਲੰਗਾਨਾ ਦੇ ਪ੍ਰਸਿੱਧ ਲੇਖਕ ਪੀ. ਲਕਸ਼ਮੀ ਨਾਰਾਇਣ ਅਤੇ ਕਾਰਜਕਾਰੀ ਪ੍ਰਧਾਨ ਵਿਭੂਤੀ ਨਰਾਇਣ ਰਾਏ ਨੇ ਕੀਤੀ। ਇਸ ਵਿਚ ਹਰ ਰਾਜ ਦੀ ਇਕਾਈ ਦੇ ਸੂਬਾਈ ਸਕੱਤਰ ਵੱਲੋਂ ਪਿਛਲੇ ਇਕ ਸਾਲ ਦੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ, ਜਿਸ ਦੇ ਤਹਿਤ ਤਿੰਨ ਨ

ਮੱਖਣ ਮਾਨ ਕਹਾਣੀ ਤੋਂ ਕਵਿਤਾ ਵੱਲ ਆਇਆ ਅਜਿਹਾ ਸ਼ਾਇਰ ਹੈ ਜੋ ਕਵਿਤਾ 'ਚ ਨਵੇਕਲੀ ਜੁਗਤ ਨਾਲ ਮਿੱਥ ਰਾਹੀ ਆਪਣੀ ਗੱਲ ਕਰਦਾ ਹੈ। ਉਹ ਸ਼ਾਇਰੀ 'ਚ ਲੰਮਾ ਬਿਰਤਾਂਤ ਸਿਰਜਦਾ ਹੋਇਆ ਪਾਠਕ ਨੂੰ ਆਪਣੇ ਨਾਲ ਤੋਰ ਲੈਂਦਾ ਹੈ। ਕਹਾਣੀ ਦੀ ਕਿਤਾਬ 'ਖੌਲ਼ਦੇ ਪਾਣੀ' ਤੋਂ ਬਾਅਦ 'ਬਿਰਸਾ ਮੁੰਡਾ ਦਾ ਪੁਨਰ ਜਨਮ' ਉਸ ਦੀ ਕਵਿਤਾ ਦੀ ਕਿਤਾਬ ਹੈ। ਮਨੁੱਖੀ ਸੰਵੇਦਨਾਂ ਦੇ ਬਰੀਕ ਵੇਰਵੇ ਮਾਨ ਆਪਣੀ ਕਵਿਤਾ 'ਚ ਪੇਸ਼ ਕਰਦਾ ਹੈ। ਬਹੁਤ ਜਲਦੀ ਕਵਿਤਾ ਦੀ ਨਵੀਂ ਕਿਤਾਬ ਲੈ ਕੇ ਪਾਠਕਾਂ ਦੇ ਬੂਹੇ ਤੇ ਦਸਤਕ ਦੇ ਰਿਹਾ ਹੈ.... - ਸੰਪਾਦਕ

ਮੱਖਣ ਮਾਨ ਦੀਆਂ ਨਵੀਂਆਂ ਕਵਿਤਾਵਾਂ

ਤ੍ਰਿਹਾਏ ਸੇਕ ਦੀ ਠਾਰ

ਤਨਹਾਈ 'ਚ ਸੁੱਕੀ ਨਦੀ ਵਾਂਗ
ਜੋ ਗੀਤ ਮੇਰੇ ਅੰਦਰ ਟੋਏ ਪਾ ਉਦਾਸ ਕਰਦਾ
ਮੈਂ ਡੂੰਘਾ ਉਤਰ ਜਾਂਦੀ ਉਸ ਦੇ ਅਰਥਾਂ 'ਚ
ਉਸ ਦੀ ਪਰਿਭਾਸ਼ਾ ਦੀ ਗਹਿਰਾਈ ਨਾਪਦੀ
ਉਸ ਦੇ ਬੋਲਾਂ 'ਚ ਧੜਕਦੀ
ਕਿੰਨੀ ਅਮੀਰ ਸੀ ਉਸ ਦੀ ਪਰੰਪਰਾ
ਕਿੰਨੇ ਰੜ੍ਹੇ ਹੋਏ ਸਨ ਉਸ ਦੇ ਰੀਤੀ ਰਿਵਾਜ
ਮੇਰੇ ਅੰਦਰ ਹਾਸਾ ਹਿਣਕਦਾ
ਅਸੀਂ ਵੀ ਰੜ੍ਹਿਆਂ 'ਚ ਰੜ੍ਹਨਾ
ਸਾਡੀ ਹੋਣੀ
ਦਾਣੇ ਭੁੰਨਦੀ
ਭਠਿਹਾਰਨ ਦੀ ਦਾਤਰੀ ਕੋਲ ਗਿਰਵੀ
ਉਹ ਆਭੂ ਕੱਢਦੀ ਐ ਜਾਂ ਨਹੀਂ
ਰੋੜ ਬਣਾ ਦੇਵੇ ਇਹ ਵੀ ਉਹਦੀ ਮਰਜ਼ੀ
ਅਸੀਂ ਨਿਹੱਥੀਆਂ
ਹੱਥੀਆਂ ਸਾਡੀਆਂ ਕਿਸੇ ਦੇ ਹੱਥ

ਸੁਣੋ ਇਹ ਗੀਤ
ਕਿਤੇ ਆਖਿਓ ਨਾ
ਔਰਤ ਮਿਹਣੇ ਮਾਰਦੀ
ਰੁਦਨ ਕਰਦੀ
ਕੁਫਰ ਤੋਲਦੀ
'ਕਿਸ ਚੰਦਰੀ ਨੇ ਦਿੱਤੀਆਂ ਗੰਢਾਂ ਚੀਰਵੀਆਂ'
ਇਹ ਕੋਈ ਸਧਾਰਨ ਗੰਢਾਂ ਨਹੀਂ ਸਨ
ਇਹ ਉਹ ਗੰਢਾਂ ਸਨ
ਜਿਹਨਾਂ ਦੇ ਖੁੱਲ੍ਹਦਿਆਂ
ਹਰ ਰਿਸ਼ਤੇ ਤੋਂ ਮੁਕਤ ਹੋ
ਨਵੇਂ ਰਿਸ਼ਤੇ ਦੀ ਗੰਢ ਬੱਝਦੀ ਸੀ
ਪਰ ਕਿੱਥੇ?
ਔਰਤ ਤਾਂ ਸਭ ਕੁੱਝ ਛੱਡ ਛੁਡਾ ਆਈ ਸੀ
ਉਹ ਰਿਸ਼ਤੇ
ਜਿਹਨਾਂ ਉਸ ਨੂੰ ਸਿੰਜਿਆ ਹੀ ਨਹੀਂ ਸੀ
ਛਾਂਗ-ਛਾਂਗ ਕੀਤਾ ਸੀ ਵਰ ਮੇਚ
ਇਹ ਗੱਲ ਮੇਰੇ 'ਤੇ ਵੀ ਢੁਕਦੀ ਸੀ
ਉਸ 'ਤੇ ਵੀ
ਪਰ ਉਹ ਤਾਂ ਧਿਰ ਸੀ
ਗੰਢ ਤਾਂ ਪਹਿਲਾਂ ਉਹਨੇ ਹੀ ਖੋਲ੍ਹੀ ਸੀ
ਗੀਤ ਵੀ ਉਸੇ ਧਿਰ ਵੱਲੋਂ ਕੋਰਸ 'ਚ ਗਾਇਆ ਸੀ
ਪਰ ਚੀਰਵੀਂ ਗੰਢ ਸਿਰਫ ਮੇਰੇ ਲਈ ਸੀ
ਉਹ ਤਾਂ ਅਜ਼ਾਦ ਸੀ

ਵਿਆਹ ਸ਼ਬਦ
ਮੇਰੇ ਜ਼ਿਹਨ 'ਚ ਸਟਾਪੂ ਵਾਂਗ ਖੇਡਦਾ ਹੈ
ਸਮਾਜ ਸਿਰਜਕਾਂ ਬਾਰੇ ਸੋਚਦੀ ਹਾਂ
ਜਿਸ ਨੂੰ ਉਹ ਪਵਿੱਤਰ ਬੰਧਨ ਆਖਦੇ
ਕਾਇਦੇ ਕਾਨੂੰਨ ਘੜਦੇ
ਬਰਾਬਰਤਾ ਦੀ ਗੱਲ ਕਰਦੇ
ਕਿਤੇ ਨਾ ਕਿਤੇ ਖੋਟ ਰਲਾਉਂਦੇ ਰਹੇ ਹੋਣਗੇ
ਮੈਂ ਕਿਵੇਂ ਮੰਨ ਲਵਾਂ
ਵਿਆਹ 'ਦੋ ਰੂਹਾਂ ਦਾ ਮਿਲਾਪ'
ਥੋੜ੍ਹਾ ਜਿਹਾ ਝਾਕੋ
ਪੈਰਾਂ ਦੀਆਂ ਝਾਂਜਰਾਂ
ਸੁਰ ਹੈ
ਸ਼ੋਰ ਹੈ
ਜਾਂ ਬੇੜੀਆਂ
ਵਿੰਨ੍ਹੇ ਹੋਏ ਕੰਨ, ਨੱਕ
ਹਾਰ ਹੈ, ਸ਼ਿੰਗਾਰ ਹੈ, ਜਾਂ ਹੈ ਗੁਲਾਮੀ
ਲਾਵਾਂ ਵੇਲੇ ਬਰਾਬਰਤਾ ਦੀ ਕਥਾ ਕਰਦਾ
ਭਾਈ/ਮੁੱਲਾ/ਪੰਡਿਤ ਪਤੀ ਨੂੰ ਪਰਮੇਸ਼ਵਰ ਕਿਵੇਂ ਆਖ ਦਿੰਦਾ

ਗੱਲ ਤਾਂ ਚੀਰਵੀਆਂ ਗੰਢਾਂ ਦੀ ਚੱਲੀ ਸੀ
ਮੈਂ ਹੀ ਭਾਵੁਕ ਹੋ ਗਈ
ਹੁਣ ਜੇ ਗੱਲ ਤੁਰੀ ਹੀ ਹੈ ਤਾਂ ਸੁਣੋ
ਚੀਰਵੀਆਂ ਗੰਢਾਂ ਦੇ ਆਦਰਸ਼ 'ਚ
ਮੈਂ ਹੀ ਕਿਉਂ ਵਹਿ ਤੁਰਦੀ ਹਾਂ
ਮੇਰੇ 'ਤੇ ਹੀ ਕਿਉਂ ਮਰਿਯਾਦਾ ਦੇ ਬੰਧਨ?

ਨਹੀਂ ਨਹੀਂ ਮੈਂ ਤਾਂ ਆਗਿਆਕਾਰੀ ਬੱਚੀ ਹਾਂ
ਰਸੋਈ 'ਚ ਕਰਮ ਕਰਦੀ
ਦਲਾਨ ਬੁਹਾਰਦੀ
ਆਟਾ ਗੁੰਨ੍ਹਦੀ
ਰੋਟੀ ਦੀਆਂ ਗੋਲਾਈਆਂ 'ਚ ਮਗਨ
ਹਰ ਆਏ ਗਏ ਨੂੰ ਖੁਸ਼ਆਮਦੀਦ ਆਖਦੀ
ਗੂੰਗੀ
ਅਜਨਬੀ
ਹਿਜਰਤ ਕਰਕੇ ਆਈ ਕੋਈ ਨਟੀ
ਸੱਭਿਆ ਦੀ ਰੱਸੀ 'ਤੇ ਤੁਰਦੀ
ਕਦੇ ਡਿੱਗਦੀ ਕਦੇ ਢਹਿੰਦੀ
ਕਦੇ ਅੱਧ ਵਿਚਕਾਰ ਲਟਕਦੀ
ਰਿਸ਼ਤਿਆਂ ਦੀਆਂ ਝੀਥਾਂ ਥਾਣੀਂ ਝਾਕਦੀ
ਸੋਚਦੀ
ਗੰਢਾਂ ਤਾਂ ਚੀਰਵੀਆਂ ਹੀ ਸਨ
ਖਾਲੀ ਥਾਵਾਂ ਭਰਦਿਆਂ
ਚੀਰ ਗਈਆਂ ਮੇਰਾ ਸੱਭੋ ਕੁੱਝ..।

ਮੁਕਤੀ ਦੁਆਰ

ਤੇ ਫਿਰ
ਚਿੱਥੀ ਗਈ
ਮਧੋਲ਼ੀ ਗਈ
ਕੈਦ ਕਰ ਲਈ ਗਈ ਸੋਲਾਂ ਰੰਗਾਂ ਦੀ ਕਵਿਤਾ
ਖਿੱਚੀਆਂ ਗਈਆਂ ਲਕੀਰਾਂ
ਘੜੀਆਂ ਗਈਆਂ ਪਾਬੰਦੀਆਂ
ਲਾ ਦਿੱਤੀਆਂ ਗਈਆਂ ਬੰਦਿਸ਼ਾਂ ਉਸ ਦੇ ਉੱਡਣ 'ਤੇ

ਯੁੱਗਾਂ ਦੇ ਯੁੱਗ ਬੀਤ ਗਏ
ਮਰਿਆਦਾ ਦੇ ਗ਼ੁਬਾਰਿਆਂ 'ਚ ਉੱਡਦਿਆਂ
ਸਵੈ ਦੀ ਤਲਾਸ਼ ਵਿੱਚ ਭਟਕਦਿਆਂ
ਹਰ ਮੋੜ 'ਤੇ
ਹਰ ਪੈਰ 'ਤੇ
ਛਾਂਗ ਦਿੱਤੇ ਜਾਂਦੇ ਉਸ ਦੇ ਪਰ
ਪਰ ਨਾ ਤਾਂ ਉਹ ਕਦੇ ਉਦਾਸ ਹੋਈ
ਤੇ ਨਾ ਹੀ ਕਦੇ ਨਿਰਾਸ਼
ਉਹ ਤਾਂ ਠਹਿਰੀ ਹੋਈ
ਹੌਸਲੇ ਤੇ ਪਰਾਂ ਵਾਲੀ ਸੀ
ਉੱਡਣਾ ਵੀ ਜਾਣਦੀ ਸੀ
ਉਸ ਨੂੰ ਪਤਾ ਸੀ ਹਰ ਭਰਮ ਛਲਾਵਾ ਹੈ
ਉਸ ਨੇ ਮਿੱਥ ਦੀ ਗਿੱਚੀ ਮਰੋੜੀ
ਕਈ ਜਾਗਦੇ ਪਿੰਜਰ ਕੁਰਲਾ ਉੱਠੇ
ਉਸ ਨੇ ਇਤਿਹਾਸ ਨੂੰ ਜਾਣਿਆ-ਪਹਿਚਾਣਿਆ
ਔਰਾਂ ਗੌਰਾਂ
ਵਾਧੂ ਘਾਟੂ
ਊਲ ਜਲੂਲ
ਸਭ ਛਾਂਗ ਦਿੱਤੇ
ਉਸ ਨੇ ਵਕਤ ਦੀ ਗਿੱਲੀ ਮਿੱਟੀ ਵਿੱਚ
ਗੁੰਮਸ਼ੁਦਾ ਪਹਿਚਾਣ ਨੂੰ ਅਰਥ ਦਿੱਤੇ
ਉਹ ਸੋਚਦੀ
ਯੁੱਗਾਂ ਦੇ ਯੁੱਗ ਬੀਤ ਗਏ
ਕਿੱਥੇ ਨੇ ਉਹ
ਲੋਪਾ ਮੁਦਰਾ ਤੋਂ ਲੈ ਕੇ ਸਤੀ ਅਨਸੂਈਆ ਜੇਹੀਆਂ ਰਿਸ਼ੀ ਬ੍ਰਹਮ ਵਾਦਨੀਆਂ
ਤੇ ਕਿੱਥੇ ਨੇ ਉਹ
ਵਿਸ਼ਚਲਾ, ਇੰਦਰਸੇਨਾ ਤੇ ਕੈਕੇਈ ਜੇਹੀਆਂ
ਮਹਾਨ ਯੋਧਾ
ਜੋ ਪਤੀ ਦੇ ਪਰਛਾਵਿਆਂ 'ਚ ਲੁਪਤ ਹੋ ਕੇ ਰਹਿ ਗਈਆਂ
ਕੀ ਇਹ ਸਭ ਮਾਇਆ ਸੀ?

ਕਹਿਣ ਨੂੰ ਤਾਂ ਸਭ ਆਖ ਦਿੰਦੇ ਨੇ
ਨਜ਼ਮ ਮਾਡਰਨ ਹੈ ਦਲੇਰ ਹੈ
ਖੁੱਲ੍ਹੇ, ਨਰੋਏ ਤੇ ਨਵੇਂ ਵਿਚਾਰਾਂ ਵਾਲੀ ਹੈ
ਕੀ ਇਹ ਸਭ ਛਲਾਵਾ ਹੈ ਜਾਂ ਵਿਖਾਵਾ ਹੈ
ਸੱਚ ਤੇ ਇਹ ਹੈ
ਉਸ ਦੀਆਂ ਚਾਰੋ ਦਿਸ਼ਾਵਾਂ 'ਤੇ ਅੱਜ ਵੀ
ਰਾਹੂ ਤੇ ਕੇਤੂ ਜੇਹੀਆਂ ਅਨੇਕ ਧਿਰਾਂ ਦਾ ਕਬਜ਼ਾ ਹੈ
ਉਹ ਤਾਂ ਕਿਤੇ ਵੀ ਨਹੀਂ ਸੀ
ਸਿਵਾਏ ਖਲਾਅ ਦੇ
ਨਜ਼ਮ ਦੇ ਪਰਾਂ 'ਚ ਥੋਹਰ ਉੱਗ ਆਈ ਸੀ
ਉਹ ਜਿੰਨੀ ਵਾਰ ਵੀ ਫਰ ਫਰਾਈ
ਪਰਾਂ 'ਚੋਂ ਸਿੰਮਦਾ ਲਹੂ
ਹਰ ਯੁੱਗ ਦੀ ਪਰਕਰਮਾ ਕਰਦਾ
ਉਸ ਦੀ ਅਣਹੋਣੀ ਦਾ ਮਰਸੀਆ ਗਾ ਰਿਹਾ ਹੁੰਦਾ ਹੈ

ਰੋਹਿਤ ਵੇਮੁਲਾ ਦਾ ਖ਼ਤ

ਆਖਰੀ ਸਾਹ
ਆਖਰੀ ਖਤ ਲਿਖਦਿਆਂ ਭਰਿਆ ਸੀ ਉਸ
ਅੱਖਰ ਗਵਾਹ ਹੀ ਨਹੀਂ ਬਣੇ ਸਨ
ਅੱਗ ਵਿਚ ਮੱਚੇ ਵੀ ਸਨ
ਖੁਦਕੁਸ਼ੀ ਬੁਜ਼ਦਿਲੀ ਨਹੀਂ ਸੀ
ਸ਼ਹਾਦਤ ਸੀ
ਪਰ ਉਸ ਦੇ ਸੁਪਨਿਆਂ ਦਾ ਭਾਰਤ ਕਿੱਥੇ ਸੀ ?
ਉਸ ਨੇ ਤਾਂ ਬੜਾ ਚਾਹਿਆ ਸੀ
ਜਮਹੂਰੀਅਤ ਦੇ ਪੈਰਾਂ 'ਚ ਬਹਿ ਕੇ
ਖੁੱਲ੍ਹੇ ਤੇ ਮੋਕਲੇ ਅਸਮਾਨ ਦੀ ਗੱਲ ਕਰੇਗਾ
ਪਰ ਦਿੱਲੀ ਦੀ ਫਿਰਕੂ ਢਾਣੀ ਨੂੰ ਕਿਵੇਂ ਮਨਜ਼ੂਰ ਸੀ
ਕੋਈ ਸੈਕੂਲਰ ਤੇ ਉਨ੍ਹਾਂ ਖਿਲਾਫ ਜਹਾਦ ਛੇੜੇ
ਪਿਛਲੇ ਕੁਝ ਵਰ੍ਹਿਆਂ ਤੋਂ
ਚੋਰ ਮੋਰੀ ਥਾਣੀਂ ਸੰਵਿਧਾਨ ਛਾਂਗਿਆ ਜਾ ਰਿਹਾ ਸੀ
ਵੈਦਿਕ ਸੰਸਕ੍ਰਿਤੀ
ਵਰਣ ਅਵਸਥਾ
ਮਨੂੰ ਸਿਮਰਤੀ
ਪਰਦੇ ਓਹਲੇ ਪਰ ਫੜਫੜਾ ਰਹੀ ਸੀ
ਕਿਤੇ ਲਵ-ਜਹਾਦ ਛੇੜਿਆ ਜਾ ਰਿਹਾ ਸੀ
ਕਿਤੇ ਮੌਬਲਿੰਚਿੰਗ
ਕਿਤੇ ਗਊ ਹੱਤਿਆ ਦੇ ਬਹਾਨੇ ਘੱਟ ਗਿਣਤੀਆਂ 'ਤੇ ਤਸ਼ੱਦਦ
ਕਿਤੇ ਅਸਹਿਣਸ਼ੀਲਤਾ ਦੇ ਬਹਾਨੇ ਨਵੇਂ ਫਤਬੇ
ਸਮੇਂ ਦਾ ਹਿਟਲਰ
ਦੇਸ਼ ਦਾ ਅੰਗ ਅੰਗ ਚੱਬ ਗਿਆ ਸੀ
ਕੋਈ ਪੁੱਛਣ ਵਾਲਾ ਨਹੀਂ ਸੀ
ਕੋਈ ਸੁਨਣ ਵਾਲਾ ਨਹੀਂ ਸੀ
ਹਰ ਸ਼ੈਅ ਗਹਿਣੇ ਪੈ ਗਈ ਸੀ
ਸਭ ਦੇ ਪਰ ਕੱਟ ਦਿੱਤੇ ਗਏ ਸਨ
ਪਰ ਉਹ ਤੇ ਵਿਚਾਰਾ ਇਕਲਾਪੇ ਦਾ ਮਾਰਿਆ
ਜਿਸ ਦਾ ਜੰਮਣਾ ਇਕ ਹਾਦਸਾ ਸੀ
ਉਸ ਦੇ ਅਤੀਤ ਨੇ
ਸੱਚ ਦੀ ਇਕ ਨਰਕੀ ਜੂਨ ਭੋਗੀ ਸੀ
ਉਸ ਜੋ ਜੀਵਿਆ ਸੀ
ਜ਼ਿੰਦਗੀ ਨੇ ਉਸ ਨੂੰ ਤਾਂ ਕੀ ਜੰਮਣ ਵਾਲੀ ਮਾਂ ਨੂੰ ਵੀ
ਪੈਰ-ਪੈਰ 'ਤੇ ਠੱਗਿਆ ਸੀ
ਉਹ ਜਿਸ ਦਾ ਅੰਸ਼ ਸੀ
ਠੱਗ ਕੇ ਉਹ ਵੀ ਤੁਰ ਗਿਆ ਸੀ ਕਿਤੇ
ਠੋਕਰਾਂ ਦੁਤਕਾਰ
ਹਰ ਮੋੜ 'ਤੇ ਦੰਦੀਆਂ ਚੜ੍ਹਾਉਂਦੀਆਂ ਮਿਲੀਆਂ ਸਨ
ਪਰ ਉਹ ਹਾਰਿਆ ਨਹੀਂ ਸੀ, ਜੀਵਿਆ ਸੀ, ਲੜਿਆ ਸੀ
ਬੰਦਿਆਂ ਵਾਂਗ ਖੜਿਆ ਸੀ
ਉਸ ਨੇ ਬੰਜਰ ਧਰਤ 'ਚ ਸੁਪਨੇ ਬੀਜੇ ਸਨ
ਉਹ ਸੁਪਨੇ ਗਿਆਨ ਵਿਗਿਆਨ ਦੀਆਂ ਗੱਲਾਂ ਕਰਦੇ
ਅੰਬੇਦਕਾਰ ਦਾ ਭਾਰਤ ਲੱਭਣ ਤੁਰ ਪਏ ਸਨ
ਪਰ ਮੋਹ ਦੇ ਭਗਤ ਨੂੰ ਇਹ ਕਿਵੇਂ ਮਨਜ਼ੂਰ ਸੀ
ਕੋਈ ਭੀਲ ਪੁੱਤਰ ਵਿੱਦਿਅਕ ਸੰਸਥਾਂਵਾਂ ਅੰਦਰ
ਸਿਆਸਤ ਤੇ ਸਮਾਜਿਕ ਵਿਤਕਰੇ ਦੀ ਗੱਲ ਕਰੇ
ਪਰ ਉਸ ਨੇ ਆਪਣੀ ਗੱਲ ਰੱਖੀ ਸੀ
ਜ਼ੋਰ ਸ਼ੋਰ ਨਾਲ ਰੱਖੀ ਸੀ
ਉਹ ਆਪਣੇ ਵੇਲਿਆਂ ਦਾ ਸ਼ੰਭੂਕ ਸੀ
ਜਿਸ ਨੇ ਭਗਤੀ ਹੀ ਨਹੀਂ ਕੀਤੀ ਸੀ
ਰਾਜਨੀਤੀ ਦੇ ਅੱਖਰ ਅੱਖਰ ਨੂੰ ਸਮਝਿਆ ਸੀ
ਤੇ ਫਿਰਕਿਆਂ ਦੇ ਉਹਨਾਂ ਟੋਲਿਆਂ ਨੂੰ ਵੰਗਾਰਿਆ ਸੀ
ਜੋ ਸਮਾਜਿਕ ਵਿਤਕਰਾ ਵੀ ਕਰਦੇ ਸਨ
ਜ਼ਲੀਲ ਵੀ ਕਰਦੇ ਸਨ
ਤੇ ਇੱਕ ਨੇਸ਼ਨ ਦੀ ਵੀ ਗੱਲ ਕਰਦੇ ਸਨ
ਉਹ ਆਪਣੇ ਸਮੇਂ ਦਾ ਇਕਲੱਵਯਾ ਸੀ
ਜਿਸ ਨੇ ਆਪਣੇ ਤੀਰਾਂ ਨਾਲ
ਹਾਕਮ ਦੀਆਂ ਅੱਖਾਂ ਹੀ ਨਹੀਂ ਵਿੰਨ੍ਹੀਆਂ ਸਨ
ਦਰੋਣਾਚਾਰੀਆ ਦੀ ਦੱਖਣਾਂ ਨੂੰ ਵੀ ਸਮਝਿਆ ਸੀ
ਮੌਤ ਦੇ ਅਰਥਾਂ ਨੂੰ ਜਾਣਿਆ ਸੀ
ਬਰਫ ਵਾਂਗ ਸਿੰਮਦੀਆਂ ਅੱਖਾਂ 'ਚੋਂ
ਗਰਮ ਪਾਣੀ ਦੇ ਚਸ਼ਮਿਆਂ ਨੂੰ ਫੁੱਟਦਿਆਂ ਵੇਖਿਆ ਸੀ
ਉਹ ਇਕੱਲਾ ਸੀ
ਸੱਖਣਾ ਸੀ
ਖਾਲੀ ਸੀ ਪਰ ਆਪਣੇ ਆਪ ਤੋਂ ਬੇਖਬਰ
ਵਿਤਕਰੇ ਖਿਲਾਫ ਲੜਿਆ ਸੀ
ਸਮੇਂ ਨੂੰ ਅਰਥ ਦੇਣ ਲਈ
ਨਵੇਂ ਦਿਸਹੱਦੇ ਤਲਾਸ਼ੇ ਸਨ
ਉਹ ਸ਼ਬਦਾਂ ਨਾਲ ਖੜਿਆ ਸੀ
ਸ਼ਬਦ ਉਸ ਨਾਲ ਖੜੇ ਸਨ
ਉਹ ਆਖਰੀ ਖਤ ਨਹੀਂ ਸੀ
ਉਹ ਤਾਂ ਤਾਰਿਆਂ ਨੂੰ ਟੋਲਦੇ ਪੋਟਿਆਂ ਦੇ
ਫਫੋਲੇ ਹੋ ਜਾਣ ਦਾ ਕਾਲਾ ਮੰਜ਼ਰ ਸੀ
ਜਿਸ ਦੇ ਹਰਫ਼ ਅੱਗ ਫੱਕ ਰਹੇ ਸਨ!

ਪੈਰਾਂ ਬਿਨ ਪਊਏ !

ਅੱਕ ਗਿਆ ਹਾਂ ਮੈਂ
ਤੇਰੇ ਹਾਸ਼ੀਏ ਤੋਂ ਬਾਹਰ ਰਹਿ ਕੇ
ਮੇਰੀ ਪਹੁੰਚ ਦੀ ਕੋਈ ਵੀ ਅਦਾ
ਤੇਰੀਆਂ ਪੈੜਾਂ ਦੀ ਵਾਹਕ ਨਹੀਂ ਬਣ ਸਕੀ
ਪਤਾ ਨਹੀਂ ਇਹ ਦੋਸ਼
ਮੇਰੇ ਖਾਲੀਪਨ ਦਾ ਸੀ
ਜਾਂ ਤੇਰੇ ਭਰੇ ਹੋਣ 'ਚ ਮੈਨੂੰ ਹੀ ਤੈਰਨਾ ਨਹੀਂ ਸੀ ਆਉਂਦਾ
ਤੈਰਨਾ ਤੇ ਡੁੱਬਣਾ
ਦੋ ਵਿਚਾਰਧਾਰਾ ਸਨ
ਇੱਥੇ ਹੀ ਸ਼ਾਇਦ ਮੈਂ ਟਪਲਾ ਖਾ ਗਿਆ
ਮੇਰੇ ਪਰਾਂ 'ਚ ਉਡਣ ਦੀ ਸ਼ਕਤੀ ਸੀ
ਪਰ ਤੇਰੇ ਬਨੇਰੇ ਚੀਅ ਚੀਅ ਦੀ ਅਕੀਦਤ ਨੇ
ਤੇਰੇ ਮੋਕਲੇ ਅਸਮਾਨ ਨੇ ਮੇਰੇ ਪਰ ਫੁੰਡ ਦਿੱਤੇ

ਹਾਰੇ ਹੋਏ ਜੁਆਰੀਏ ਵਾਂਗ ਮੇਰੇ ਮਨ ਨੇ
ਸ਼ਬਦਾਂ ਦੀ ਓਟ ਲੈ ਲਈ
ਹੁਣ ਸ਼ਬਦ ਸਨ
ਮੇਰੀ ਤਨਹਾਈ
ਸ਼ਬਦ ਜਦੋਂ ਵੀ ਹਉਕਾ ਭਰਦੇ
ਅਸਮਾਨ 'ਤੇ ਕਾਲੇ ਬੱਦਲ ਘੁੰਮਣ ਲੱਗਦੇ
ਮੀਂਹ ਦੀਆਂ ਕਣੀਆਂ ਕਿਸੇ ਧਰਤ 'ਤੇ ਨਹੀਂ
ਉਹ ਤਾਂ ਮੇਰੀਆਂ ਹੀ ਅੱਖਾਂ 'ਚੋਂ ਵਰ੍ਹਦੀਆਂ ਸਨ
ਜਿੱਥੇ ਸਮੁੰਦਰ ਖੌਲਣ ਲੱਗਦੈ
ਖੌਲਦਾ ਸਮੁੰਦਰ ਅੱਜ ਕੱਲ੍ਹ ਤੜਫਦੀ ਸੱਸੀ ਦਾ ਸਹਿਰਾ ਹੈ
ਪਰ ਪੰਨੂ ਦੀਆਂ ਪੈੜਾਂ ਦੇ ਨਿਸ਼ਾਨ ਕਿਤੇ ਵੀ ਨਹੀਂ
ਤੇਰੀ ਉਡੀਕ ਦੀ ਰੀਝ ਵੀ
ਕੀ ਬਲਾਅ ਹੈ?
ਜਿਹੜੀ ਚੱਤੋ-ਪਹਿਰ ਇੱਕੇ ਹੀ ਰਟ ਲਾਈ ਰੱਖਦੀ
ਪਰ ਯਾਰ ਆਸਥਾ ਦਾ ਵੀ ਆਪਣਾ ਦਰਸ਼ਨ ਹੁੰਦੈ
ਜਿੱਥੇ ਖੜਾ ਖੜੋਤਾ ਬੰਦਾ ਪੱਥਰ ਤਾਂ ਹੋ ਸਕਦਾ
ਪਰ ਡੋਲਦਾ ਕਿਤੇ ਵੀ ਨਹੀਂ
ਤੂੰ ਵੀ ਆਖੇਂਗੀ ਬੜਾ ਢੀਠ ਹਾਂ ਮੈਂ
ਪਰ ਮੈਂ ਵੀ ਕਰਾਂ
ਜਦ ਉਡੀਕ ਦੇ ਪਰ ਚਾਂਦੀ ਪਹਿਨ ਲੈਣ
ਫਿਰ ਸਲੀਬ 'ਤੇ ਟੰਗਿਆ 'ਈਸਾ' ਲਹੂ ਲੁਹਾਣ ਤਾਂ ਹੋ ਸਕਦਾ
ਆਪਣੇ ਅਕੀਦੇ ਤੋਂ ਪਿੱਛੇ ਨਹੀਂ ਹਟਦਾ

ਕਿੱਥੇ ਹੈ ਤੇਰਾ ਖੁੱਲ੍ਹਾ-ਡੁੱਲ੍ਹਾ ਸਵਰਗ
ਮੇਰੀ ਢੀਠਤਾ ਨੇ ਪੁੱਛਿਆ ਹੈ
ਤੂੰ ਡੂੰਘੇ ਹਨੇਰੇ 'ਚ ਗਰਕ ਗਈ ਹੈ
ਮਨ ਦੀ ਵੇਦਨਾ
ਤੇਰੀ ਰੂਹ ਦੇ ਦਰਾਂ 'ਚ ਖੜੀ ਉੱਚੀ ਦੇਣਾ ਹੱਸੀ ਹੈ
ਰਾਤ ਦੇ ਹਨੇਰੇ 'ਚ ਕੋਈ ਕੋਈ ਪਰਛਾਵਾਂ ਤੁਰਿਆ ਹੈ
ਪੈੜਾਂ 'ਤੇ ਪੈੜਾਂ ਤੁਰਦੀਆਂ
ਹੋ ਤੁਰੀਆਂ ਨੇ ਕਿਸੇ ਅਦਿੱਖ ਪਰਿਕਰਮਾ ਵੱਲ!

ਵੱਖਰੀ ਪਹਿਚਾਣ ਰੱਖਦਾ ਨੋਬਲ ਪੁਰਸਕਾਰ

ਵਿਗਿਆਨ ਦੀ ਚਿੰਗਾਰੀ ਨੇ ਮਨੁੱਖ ਦੇ ਸਦੀਆਂ ਤੋਂ ਕੁਦਰਤੀ ਵਰਤਾਰਿਆਂ ਪ੍ਰਤੀ ਪਏ ਹੋਏ ਭਰਮ-ਭੁਲੇਖਿਆਂ ਨੂੰ ਦੂਰ ਕਰਕੇ ਇਕ ਨਵੀਂ ਅਤੇ ਚਿੰਤਨ ਕਰਨ ਯੋਗ ਵਿਚਾਰਧਾਰਾ ਨੂੰ ਜਨਮ ਦਿੱਤਾ ਹੈ, ਜਿਸ ਨੇ ਮਨੁੱਖ ਦੇ ਰਹਿਣ-ਸਹਿਣ ਦੇ ਨਾਲ-ਨਾਲ ਉਸ ਦੀ ਸੋਚ ਨੂੰ ਵੀ ਬਦਲ ਕੇ ਰੱਖ ਦਿੱਤਾ। ਵਿਗਿਆਨ ਦੀਆਂ ਖੋਜਾਂ ਵਿੱਚ ਦਿਨ-ਰਾਤ ਰੁੱਝੇ ਹੋਏ ਵਿਗਿਆਨੀਆਂ ਦੀ ਅਣਥੱਕ ਮਿਹਨਤ ਕਰਕੇ ਇਹ ਸੰਭਵ ਹੋਇਆ ਹੈ ਕਿ ਅੱਜ ਵਿਗਿਆਨ ਅਤੇ ਤਕਨਾਲੋਜੀ ਦੇ ਨਿਰੰਤਰ ਵਿਕਾਸ ਕਰਕੇ ਪੂਰੀ ਦੁਨੀਆ ਇੱਕ ਗਲੋਬਲ ਪਿੰਡ ਬਣ ਗਈ ਹੈ। ਵਿਗਿਆਨੀਆਂ ਨੂੰ ਉਹਨਾਂ ਦੀਆਂ ਖੋਜਾਂ ਬਦਲੇ ਬਹੁਤ ਸਾਰੇ ਪੁਰਸਕਾਰ ਅਤੇ ਮਾਣ ਸਨਮਾਨਾਂ ਨਾਲ਼ ਨਿਵਾਜਿਆ ਜਾਂਦਾ ਹੈ, ਪਰ ਕੁੱਝ ਸਨਮਾਨ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਮਿਲਣ ਨਾਲ਼ ਵਿਅਕਤੀ ਰਾਤੋ-ਰਾਤ ਪੂਰੀ ਦੁਨੀਆ ਵਿੱਚ ਪ੍ਰਸਿੱਧ ਹੋ ਕੇ ਨਾਂਅ ਕਮਾ ਜਾਂਦਾ ਹੈ, ਜਿਸ ਨੂੰ ਸਦੀਆਂ ਤੱਕ ਯਾਦ ਰੱਖਿਆ ਜਾਂਦਾ ਹੈ। ਅਜਿਹਾ ਹੀ ਇੱਕ ਪੁਰਸਕਾਰ ਅਤੇ ਸਨਮਾਨ ਹੈ ਨੋਬਲ ਪੁਰਸਕਾਰ। ਇਸ ਵਾਰ ਵੀ 2024 ਵਿੱਚ ਇਹਨਾਂ ਪੁਰਸਕਾਰ ਦੇ ਵੰਡ ਦੀ ਘੋਸ਼ਣਾ ਕਰ ਦਿੱਤੀ ਗਈ ਹੈ।ਇਹ ਪੁਰਸਕਾਰ ਕਿਵੇਂ ਹੋਂਦ ਵਿੱਚ ਆਇਆ, ਇਸ ਦੀ ਕਹਾਣੀ ਬੜੀ ਦਿਲਚਸਪੀ ਭਰਪੂਰ ਹੈ।

ਨੋਬਲ ਪੁਰਸਕਾਰ ਸਵੀਡਨ ਦੇ ਮਹਾਨ ਵਿਗਿਆਨੀ ਅਤੇ ਡਾਈਨਾਮਾਈਟ ਦੇ ਪਿਤਾ ਕਹੇ ਜਾਂਦੇ ਅਲਫਰੈੱਡ ਨੋਬਲ ਦੀ ਯਾਦ ਵਿੱਚ ਦਿੱਤ

3-Nov-Sunday.qxd 11/2/2024 8:38 PM Page 2

ਦਹਿਸ਼ਤਗਰਦੀ ਦਾ ਫਰਜ਼ੀ ਠੱਪਾ

(ਮੈਂ ਮੁਹੰਮਦ ਆਮਿਰ ਖਾਨ ਹਾਂ, ਅੱਤਵਾਦੀ ਨਹੀਂ)

ਡਾ. ਜਸਬੀਰ ਸਿੰਘ ਔਲਖ

ਕੀ ਕੋਈ ਸੰਵੇਦਨਸ਼ੀਲ ਇਨਸਾਨ ਇਹ ਸੋਚ ਸਕਦਾ ਹੈ ਕਿ ਇੱਕ ਸਤਾਰਾਂ ਸਾਲ ਦੀ ਉਮਰ ਦੇ ਮੁੰਡੇ ਨੇ ਤਿੰਨ ਰਾਜਾਂ ਵਿੱਚ ਉੱਨੀ ਬੰਬ ਧਮਾਕੇ ਕੀਤੇ ਹੋਣਗੇ? ਪਹਿਲੀ ਨਜ਼ਰੇ ਹੀ ਤੁਹਾਡੇ ਦਿਮਾਗ਼ ਵਿੱਚ 'ਇਹ ਤਾਂ ਨਹੀਂ ਹੋ ਸਕਦਾ' ਦਾ ਖਿਆਲ ਆਵੇਗਾ, ਪਰ ਸਾਡੀ ਪੁਲਸ ਤਾਂ ਆਖਰ ਪੁਲਸ ਹੈ। ਜ਼ਰਾ ਸੋਚੋ ਕਿ ਇੱਕ ਉੱਨੀ ਸਾਲ ਦੇ ਮੁੰਡੇ ਨੂੰ 20 ਫਰਵਰੀ 1998 ਤੋਂ ਪਹਿਲਾਂ ਸੱਤ ਦਿਨ ਅਗਵਾ ਕਰਕੇ ਦਿੱਲੀ ਪੁਲਸ ਨੇ ਗੈਰਕਾਨੂੰਨੀ ਹਿਰਾਸਤ ਵਿੱਚ ਰੱਖਿਆ ਅਤੇ ਉਸ ਤੋਂ ਬਾਅਦ ਇੱਕ ਤੋਂ ਬਾਅਦ ਇੱਕ 1996-97 ਵਿੱਚ ਦਿੱਲੀ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਹੋਏ ਬੰਬ ਧਮਾਕਿਆਂ ਦੇ ਪੂਰੇ ਉੱਨੀ ਕੇਸਾਂ ਵਿੱਚ ਨਾਮਜ਼ਦ ਕਰ ਦਿੱਤਾ, ਜਿਸ ਨਾਲ ਉਸ ਨੂੰ ਹੋਰ ਦੋ ਮਹੀਨੇ ਕਾਨੂੰਨੀ ਪੁਲਸ ਰਿਮਾਂਡ ਵਿੱਚ ਰਹਿਣਾ ਪਿਆ। ਗੈਰਕਾਨੂੰਨੀ ਅਤੇ ਕਾਨੂੰਨੀ ਪੁਲਸ ਰਿਮਾਂਡ ਵਿੱਚ ਹਰ ਤਰ੍ਹਾਂ ਦੇ ਤਸੀਹਿਆਂ ਜਿਵੇਂ ਚੱਡੇ ਪਾੜਨੇ, ਕੱਚੀ ਫਾਂਸੀ, ਬਿਜਲੀ ਦੇ ਝਟਕੇ, ਮੂੰਹ ਪਾਣੀ ਵਿੱਚ ਡੁਬੋ ਦੇਣਾ, ਜ਼ਬਰਦਸਤੀ ਸਰਫ ਵਾਲਾ ਪਾਣੀ ਪਿਲਾਉਣਾ, ਉਨੀਂਦਰੇ ਰੱਖਣਾ, ਘੋਟਾ ਫੇਰਨਾ, ਤੇਜ਼ ਲਾਈਟਾਂ ਮਾਰਨੀਆਂ, ਸਖ਼ਤ ਦਰੱਖ਼ਤ ਨਾਲ ਬੰਨ੍ਹ ਕੇ ਬੈਂਤਾਂ ਨਾਲ ਕੁੱਟਣਾ ਆਦਿ ਦੇ ਦੌਰ ਵਿੱਚੋਂ ਗੁਜ਼ਰਨਾ ਪਿਆ। ਪੂਰੇ ਚੌਦਾਂ ਸਾਲ ਲੱਗ ਗਏ ਸਾਰੇ ਕੇਸਾਂ ਵਿੱਚੋਂ ਬਰੀ ਹੋਣ ਨੂੰ, ਪਰ ਇਸ ਸਮੇਂ ਦੌਰਾਨ ਉਸ ਦਾ ਪਿਤਾ ਜਹਾਨੋਂ ਰੁਖ਼ਸਤ ਹੋ ਗਿਆ ਅਤੇ ਮਾਂ ਅਧਰੰਗ ਦਾ ਸ਼ਿਕਾਰ ਹੋ ਕੇ ਮੰਜੇ ਨਾਲ ਲੱਗ ਗਈ, ਪਰ ਇਨ੍ਹਾਂ ਚੌਦਾਂ ਸਾਲਾਂ ਵਿੱਚ ਉਸ ਦੀ ਬਚਪਨ ਦੀ ਦੋਸਤ ਕੁੜੀ ਉਸ ਨੂੰ ਉਡੀਕਦੀ ਰਹੀ, ਜਿਸ ਨੇ ਉਸ ਦੇ ਬਰੀ ਹੋਣ ਤੋਂ ਬਾਅਦ ਉਸ ਦੀ ਹਮਸਫ਼ਰ ਬਣ ਉਸ ਦੀ ਪੀੜਾ ਨੂੰ ਘੱਟ ਕਰਨ ਵਿੱਚ ਯੋਗਦਾਨ ਪਾਇਆ।

ਉਪਰੋਕਤ ਕਹਾਣੀ 9/11 ਤੋਂ ਬਾਅਦ ਸ਼ਾਹਰੁਖ ਖਾਨ ਦੀ ਆਈ ਫ਼ਿਲਮ 'ਮਾਈ ਨੇਮ ਇਜ਼ ਖ਼ਾਨ ਐਂਡ ਆਈ ਐਮ ਨਾਟ ਏ ਟੈਰੋਰਿਸਟ' ਦੀ ਸਕ੍ਰਿਪਟ ਨਹੀਂ, ਬਲਕਿ ਦਿੱਲੀ ਦੇ ਵਸਨੀਕ ਉੱਨੀ ਸਾਲ ਦੇ ਮੁਹੰਮਦ ਆਮਿਰ ਖਾਨ ਦੀ ਅਸਲੀ ਕਹਾਣੀ ਹੈ।

ਮੁਹੰਮਦ ਆਮਿਰ ਖਾਨ ਨੇ ਨੰਦਿਤਾ ਦਾਸ ਨਾਲ ਮਿਲ ਕੇ 2016 ਵਿੱਚ ਆਪਣੀ ਹੱਡਬੀਤੀ ਨੂੰ ਅੰਗਰੇਜ਼ੀ ਵਿੱਚ ਲਿਖੀ ਕਿਤਾਬ 'ਫਰੇਮਡ ਐਜ ਏ ਟੈਰੋਰਿਸਟ' ਵਰਨਣ ਕੀਤਾ ਸੀ। ਇਸ ਕਿਤਾਬ ਦਾ ਦੱਖਣ ਭਾਰਤ ਦੀਆਂ ਭਾਸ਼ਾਵਾਂ, ਬੰਗਾਲੀ ਅਤੇ ਹਿੰਦੀ ਭਾਸ਼ਾ ਵਿੱਚ ਤਾਂ ਅਨੁਵਾਦ ਪਹਿਲਾਂ ਹੀ ਹੋ ਚੁੱਕਾ ਸੀ, ਹੁਣ ਬੂਟਾ ਸਿੰਘ ਮਹਿਮੂਦਪੁਰ ਨੇ ਪੰਜਾਬੀ ਵਿੱਚ 'ਦਹਿਸ਼ਤਗਰਦੀ ਦਾ ਫਰਜ਼ੀ ਠੱਪਾ' ਦੇ ਸਿਰਲੇਖ ਹੇਠ ਇਸ ਕਿਤਾਬ ਦਾ ਅਨੁਵਾਦ ਕੀਤਾ ਹੈ।

ਮੁਹੰਮਦ ਆਮਿਰ ਖਾਨ ਦਾ ਪਰਵਾਰਕ ਪਿਛੋਕੜ ਉੱਤਰ ਪ੍ਰਦੇਸ਼ ਦੇ ਇਲਾਹਾਬਾਦ ਦਾ ਹੈ। ਉਸ ਦੇ ਦਾਦਾ ਮੁਹੰਮਦ ਇਬਰਾਹੀਮ ਖਾਨ ਦੇ ਪਰਵਾਰ ਨੇ ਸੰਤਾਲੀ ਦੀ ਵੰਡ ਵੇਲੇ ਪਾਕਿਸਤਾਨ ਜਾਣ ਦੀ ਬਜਾਏ ਆਪਣੀ ਮਰਜ਼ੀ ਨਾਲ ਹਿੰਦੁਸਤਾਨ ਵਿੱਚ ਰਹਿਣਾ ਚੁਣਿਆ ਸੀ, ਭਾਵੇਂ ਕਿ ਉਹਨਾਂ ਦੇ ਸ਼ਰੀਕੇ ਵਿਚੋਂ ਕੋਈ ਤੀਹ ਪ੍ਰਤੀਸ਼ਤ ਮੈਂਬਰ ਪਾਕਿਸਤਾਨ ਚਲੇ ਗਏ ਸਨ। ਆਮਿਰ ਦੇ ਅੱਬਾ ਮੁਹੰਮਦ ਹਾਸ਼ਿਮ ਖਾਨ ਆਪਣੇ ਭਰਾ ਨਾਲ ਦਿੱਲੀ ਆ ਕੇ ਵਸ ਗਏ ਸਨ।

ਆਮਿਰ ਦਾ ਜਨਮ ਦਿੱਲੀ ਵਿੱਚ ਹੀ ਹੋਇਆ ਸੀ। ਉਸ ਨੂੰ ਅੱਜ ਤੱਕ ਅਫਸੋਸ ਹੈ ਕਿ ਉਹ ਉਸ ਨੂੰ ਜਨਮ ਦਿਵਾਉਣ ਵਾਲੀ ਦਾਈ ਜੋ ਇੱਕ ਈਸਾਈ ਸਾਧਵੀ ਸੀ, ਦੀ ਕੋਈ ਫੋਟੋ ਉਸ ਕੋਲ ਨਹੀਂ ਹੈ। ਉਸ ਦੇ ਅੱਬਾ ਕਾਂਗਰਸ ਦੇ ਘੱਟ ਗਿਣਤੀ ਸੈੱਲ ਦੇ ਮੈਂਬਰ ਸਨ ਅਤੇ ਉਹਨਾਂ ਨੇ ਮੁਹੰਮਦ ਆਮਿਰ ਖਾਨ ਨੂੰ ਧਾਰਮਿਕ ਕੱਟੜਵਾਦ ਤੋਂ ਬਚਾਈ ਰੱਖਿਆ।

ਆਮਿਰ ਖਾਨ ਦੀ ਵੱਡੀ ਭੈਣ ਚਮਨ ਆਰਾ ਦਾ ਕਰਾਚੀ (ਪਾਕਿਸਤਾਨ) ਦੇ ਇੱਕ ਵਪਾਰੀ ਮੁਹੰਮਦ ਬਟਲਾ ਨਾਲ ਅਤੇ ਉਸ ਤੋਂ ਛੋਟੀ ਭੈਣ ਰੋਸ਼ਨ ਆਰਾ ਦੇ ਵਿਆਹ ਬੰਗਲੌਰ ਵਿੱਚ ਹੋ ਜਾਂਦੇ। ਆਮਿਰ ਖਾਨ ਦੀ ਉਮਰ ਉਸ ਵੇਲੇ ਛੋਟੀ ਹੁੰਦੀ ਹੈ। ਜਦੋਂ ਆਮਿਰ ਕੁੱਝ ਵੱਡਾ ਹੁੰਦਾ ਹੈ ਤਾਂ ਉਸ ਦੇ ਅੱਬਾ ਅਤੇ ਅੰਮੀ ਸੋਚਦੇ ਹਨ ਕਿ ਹੁਣ ਆਮਿਰ ਆਪਣੇ ਆਪ ਨੂੰ ਸੰਭਾਲਣ ਯੋਗਾ ਹੋ ਗਿਆ ਹੈ ਅਤੇ ਉਹ ਕਰਾਚੀ ਆਪਣੀ ਭੈਣ ਨੂੰ ਮਿਲਣ ਜਾ ਸਕਦਾ ਹੈ। ਆਮਿਰ ਦੇ ਮੁਹੱਲੇ ਵਿੱਚੋਂ ਕਈ ਗੁਆਂਢੀ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਨੂੰ ਮਿਲਣ ਅਕਸਰ ਪਾਕਿਸਤਾਨ ਜਾਂਦੇ ਰਹਿੰਦੇ ਸਨ। ਕਰਾਚੀ ਜਾਣ ਲਈ ਆਮਿਰ ਕਾਫ਼ੀ ਕੋਸ਼ਿਸ਼ਾਂ ਦੇ ਬਾਅਦ ਵੀਜ਼ਾ ਹਾਸਲ ਕਰ ਲੈਂਦਾ ਹੈ। ਜਦੋਂ ਵੀਜ਼ਾ ਲੈ ਕੇ ਆਮਿਰ ਆਪਣੇ ਘਰ ਵਾਪਸ ਆ ਰਿਹਾ ਸੀ ਤਾਂ ਇੱਕ ਆਦਮੀ ਉਸ ਨੂੰ ਮਿਲਦਾ ਹੈ ਜੋ ਆਪਣੇ ਆਪ ਨੂੰ ਖੁਫ਼ੀਆ ਮਹਿਕਮੇ ਦਾ ਅਫ਼ਸਰ ਅਤੇ ਆਪਣਾ ਨਾਂਅ 'ਗੁਪਤਾ ਜੀ' ਦੱਸਦਾ ਹੈ। ਬੱਸ ਇਹ ਇੱਕ ਮੁਲਾਕਾਤ ਮੁਹੰਮਦ ਆਮਿਰ ਖ਼ਾਨ ਦੀਆਂ ਆਉਣ ਵਾਲੀਆਂ ਮੁਸੀਬਤਾਂ ਦੀ ਆਹਟ ਸੀ। 'ਗੁਪਤਾ ਜੀ' ਆਪਣੇ ਇੱਕ ਹੋਰ ਅਧਿਕਾਰੀ ਜੋ ਉਸ ਨੂੰ 'ਸਰ' ਕਹਿ ਕੇ ਸੰਬੋਧਨ ਕਰਦਾ ਸੀ, ਆਮਿਰ ਦੇ ਘਰ ਵੀ ਗੇੜਾ ਮਾਰਦੇ ਹਨ। 'ਦੇਸ਼ ਖ਼ਾਤਰ ਕੁੱਝ ਕਰਨ ਦਾ' ਵਾਸਤਾ ਵੀ ਪਾਉਂਦੇ ਹਨ ਅਤੇ ਜਿਵੇਂ ਕਿ ਜਾਸੂਸਾਂ ਨੂੰ ਤਿਆਰ ਕੀਤਾ ਜਾਂਦਾ ਹੈ, ਲਾਲਚ ਵੀ ਦਿੰਦੇ ਹਨ। ਕਈ ਮੁਲਾਕਾਤਾਂ ਵਿੱਚ ਕਰਾਚੀ ਦੀ ਫੈਜ਼ਲ ਰੋਡ 'ਤੇ ਸਥਿਤ ਪਾਕਿਸਤਾਨ ਦੀ ਨੇਵੀ ਦੇ ਹੈੱਡਕੁਆਰਟਰ, ਆਉਂਦੇ-ਜਾਂਦੇ ਵਹੀਕਲਾਂ ਅਤੇ ਬੋਰਡਾਂ ਦੀਆਂ ਤਸਵੀਰਾਂ ਲੈਣ ਦੀ ਹਦਾਇਤ ਕਰਦੇ ਹਨ। ਇਹ ਵੀ ਦੱਸਿਆ ਜਾਂਦਾ ਹੈ ਕਿ ਕਰਾਚੀ ਵਿੱਚ ਇੱਕ ਚੌਧਰੀ ਨਾਂਅ ਦਾ ਬੰਦਾ ਉਸ ਨੂੰ ਮਿਲੇਗਾ ਅਤੇ ਕੁੱਝ ਡਾਕੂਮੈਂਟ ਦੇਵੇਗਾ। ਆਮਿਰ ਨੂੰ 'ਗੁਪਤਾ ਜੀ' ਇੱਕ ਕੈਮਰਾ, ਆਪਣਾ ਪੇਜ਼ਰ ਨੰਬਰ ਅਤੇ ਪੰਜ ਹਜ਼ਾਰ ਰੁਪਿਆ ਦਿੰਦੇ ਹਨ। ਇਸੇ ਦੌਰਾਨ ਆਮਿਰ ਦੇ ਵੀਜ਼ੇ ਦੀ, ਉਸ ਦੀ ਭੈਣ ਦੇ ਕਰਾਚੀ ਵਿੱਚਲੀ ਰਿਹਾਇਸ਼ ਦੀ ਅਤੇ ਕਰਾਚੀ ਵਿਚਲੇ ਲੈਂਡ ਲਾਈਨ ਫੋਨ ਨੰਬਰ ਦੀ ਜਾਣਕਾਰੀ ਵੀ 'ਗੁਪਤਾ ਜੀ' ਹਾਸਿਲ ਕਰ ਲੈਂਦੇ ਹਨ।

ਹਿੰਦੁਸਤਾਨ ਵਿੱਚ ਸੂਹੀਆ ਸੰਸਥਾਵਾਂ ਕਾਰਜਕਾਰੀ ਹੁਕਮਾਂ (Administrative Order) ਰਾਹੀਂ ਬਣਾਈਆਂ ਜਾਂਦੀਆਂ ਹਨ, ਨਾ ਕਿ ਪਾਰਲੀਮੈਂਟ ਵਿੱਚ ਪਾਸ ਕੀਤੇ ਕਾਨੂੰਨ ਰਾਹੀਂ। ਇਸ ਲਈ ਇਹਨਾਂ ਉੱਤੇ ਪਾਰਲੀਮੈਂਟ ਜਾਂ ਜਨਤਾ ਪ੍ਰਤੀ ਕੋਈ ਜਵਾਬਦੇਹੀ ਨਹੀਂ ਹੁੰਦੀ ਅਤੇ ਨਾ ਹੀ ਸੂਚਨਾ ਅਧਿਕਾਰ ਕਾਨੂੰਨ ਤਹਿਤ ਆਉਂਦੀਆਂ ਹਨ।

ਦੇਸ਼ਭਗਤੀ ਦੇ ਨਾਂਅ ਹੇਠ ਆਮਿਰ ਨੂੰ ਉਸ ਕੰਮ ਲਈ ਤਿਆਰ ਕੀਤਾ ਗਿਆ, ਜਿਸ ਦੀ ਉਸ ਨੂੰ ਕੋਈ ਸਿਖਲਾਈ ਨਹੀਂ ਸੀ। ਉਸ ਨੂੰ ਤਾਂ ਉਸ ਵਿਅਕਤੀ ਦਾ ਅਸਲੀ ਨਾਂਅ ਅਤੇ ਨਾ ਹੀ ਉਸ ਦੀ ਸੰਸਥਾ ਦਾ ਨਾਂਅ ਪਤਾ ਸੀ, ਜਿਹਨਾਂ ਨੇ ਉਸ ਨੂੰ ਇਹ ਕੰਮ ਸੌਂਪਿਆ ਸੀ। ਹਿੰਦੁਸਤਾਨੀ ਸੂਹੀਆ ਏਜੰਸੀਆਂ ਵਿੱਚ ਪੱਛਮੀ ਦੇਸ਼ਾਂ ਵਰਗੀ ਯਕੀਨੀ ਅਤੇ ਭਰੋਸੇਯੋਗਤਾ ਵੀ ਨਹੀਂ ਹੈ।

ਬਾਰਾਂ ਦਸੰਬਰ 1997 ਨੂੰ ਚੱਲ ਕੇ ਸਮਝੌਤਾ ਐਕਸਪ੍ਰੈਸ ਰਾਹੀਂ ਮੁਹੰਮਦ ਆਮਿਰ ਖਾਨ ਅਟਾਰੀ-ਵਾਹਗਾ ਸਰਹੱਦ ਪਾਰ ਕਰ ਵਾਇਆ ਲਾਹੌਰ ਆਪਣੀ ਭੈਣ ਕੋਲ ਕਰਾਚੀ ਪਹੁੰਚ ਜਾਂਦਾ ਹੈ। ਕੋਈ ਦੋ ਮਹੀਨੇ ਉੱਥੇ ਰੁਕਦਾ ਹੈ, ਪਹਿਲੀ ਵਾਰ ਸਮੁੰਦਰ ਵੇਖਦਾ ਹੈ, ਭਾਣਜੇ-ਭਾਣਜੀਆਂ ਨਾਲ ਮਸਤੀ ਕਰਦਾ ਹੈ। ਬਿਮਾਰੀ ਵੀ ਆਮਿਰ ਨੂੰ ਘੇਰ ਲੈਂਦੀ ਹੈ। ਇਸੇ ਦੌਰਾਨ 'ਗੁਪਤਾ ਜੀ' ਲੈਂਡ ਲਾਈਨ ਫੋਨ 'ਤੇ ਆਮਿਰ ਨੂੰ ਉਸ ਦਾ ਕੰਮ ਵੀ ਯਾਦ ਕਰਵਾਉਂਦੇ ਹਨ ਅਤੇ ਧਮਕਾਉਂਦੇ ਵੀ ਹਨ। ਡਰਿਆ ਹੋਇਆ ਆਮਿਰ ਭੈਣ-ਭਣੋਈਏ ਤੋਂ ਚੋਰੀ-ਚੋਰੀ ਕੈਮਰਾ ਚੱਕ ਫੈਜ਼ਲ ਰੋਡ 'ਤੇ ਚਲਿਆ ਜਾਂਦਾ ਹੈ, ਪਰ ਸਖਤ ਸੁਰੱਖਿਆ ਪ੍ਰਬੰਧ ਵੇਖ ਡਰ ਜਾਂਦਾ ਹੈ, ਫੋਟੋਆਂ ਨਹੀਂ ਲੈਂਦਾ, ਵਾਪਸ ਘਰ ਆ ਜਾਂਦਾ ਹੈ ਅਤੇ ਕੈਮਰੇ ਨੂੰ ਫਿਰ ਆਪਣੇ ਕੱਪੜਿਆਂ ਵਿੱਚ ਛੁਪਾ ਦਿੰਦਾ ਹੈ। ਆਮਿਰ ਨੇ ਕੈਮਰੇ ਦਾ ਜ਼ਿਕਰ ਭੈਣ ਦੇ ਪਰਵਾਰ ਵਿੱਚੋਂ ਕਿਸੇ ਨਾਲ ਨਹੀਂ ਕੀਤਾ ਹੋਇਆ ਸੀ। ਆਮਿਰ ਦੀ ਦੁਬਿਧਾ ਵੀ ਸੀ ਅਤੇ ਇੱਕ ਸਹਿਮ ਵੀ ਸੀ ਕਿ ਜੇਕਰ ਉਹ ਫੜਿਆ ਗਿਆ ਤਾਂ ਉਸ ਦੀ ਭੈਣ ਦੇ ਪਰਵਾਰ ਦੀ ਜ਼ਿੰਦਗੀ ਵੀ ਨਰਕ ਬਣ ਜਾਵੇਗੀ। ਫਿਰ ਇੱਕ ਦਿਨ ਚੌਧਰੀ ਨਾਂਅ ਦਾ ਬੰਦਾ ਸਾਬਰ ਹੋਟਲ ਵਿੱਚ ਮਿਲਦਾ ਹੈ ਅਤੇ ਆਮਿਰ ਨੂੰ ਪੀਲੇ ਲਿਫਾਫੇ ਵਿੱਚ ਕੁੱਝ ਦਸਤਾਵੇਜ਼ ਸੌਂਪ ਦਿੰਦਾ ਹੈ।

ਗਿਆਰਾਂ ਫਰਵਰੀ 1998 ਨੂੰ ਮੁਹੰਮਦ ਆਮਿਰ ਖਾਨ ਆਪਣੀ ਭੈਣ ਅਤੇ ਜੀਜੇ ਤੋਂ ਵਿਦਾਇਗੀ ਲੈ ਹਿੰਦੁਸਤਾਨ ਵਾਪਸ ਆਉਣ ਲਈ ਲਾਹੌਰ ਲਈ ਚੱਲ ਪੈਂਦਾ ਹੈ। ਪਾਕਿਸਤਾਨ ਦੇ ਕਸਟਮ ਵਿਭਾਗ ਦੀ ਸਖ਼ਤੀ ਵੇਖ ਉਹ ਘਬਰਾ ਗਿਆ, ਪੀਲੇ ਲਿਫਾਫੇ ਵਿੱਚ ਪਏ ਦਸਤਾਵੇਜ਼ ਉਸ ਨੂੰ ਡਰਾਉਣ ਲੱਗ ਪੈਂਦੇ ਹਨ, ਫ਼ੜੇ ਜਾਣ ਦੀ ਦਹਿਸ਼ਤ ਅਤੇ ਭੈਣ ਦੇ ਪਰਵਾਰ ਦੀ ਜ਼ਿੰਦਗੀ ਬਾਰੇ ਸੋਚ ਕੇ ਆਮਿਰ ਵਾਸ਼ਰੂਮ ਵਿੱਚ ਜਾ ਵੜਦਾ ਹੈ ਅਤੇ ਉਸ ਦੀ ਛੱਤ ਉਪਰ ਪੀਲੇ ਲਿਫ਼ਾਫ਼ੇ ਨੂੰ ਸੁੱਟ ਦਿੰਦਾ ਹੈ। ਕਸਟਮ ਕਲੀਅਰ ਕਰ ਉਹ ਤੇਰਾਂ ਫਰਵਰੀ ਨੂੰ ਵਾਪਸ ਦਿੱਲੀ ਆਪਣੇ ਘਰ ਆ ਗਿਆ। ਅਗਲੇ ਦਿਨ ਚੌਦਾਂ ਫਰਵਰੀ ਨੂੰ ਆਮਿਰ 'ਗੁਪਤਾ ਜੀ' ਨੂੰ ਕੈਮਰਾ ਵਾਪਸ ਕਰ ਆਪਣੀ ਹੱਡ ਬੀਤੀ ਸੁਣਾ ਦਿੰਦਾ ਹੈ। ਪਰ 'ਗੁਪਤਾ ਜੀ' ਆਮਿਰ ਨੂੰ ਸੁੱਟੇ ਗਏ ਪੀਲੇ ਲਿਫ਼ਾਫ਼ੇ ਨੂੰ ਦੋ ਦਿਨਾਂ ਵਿੱਚ ਲੱਭਣ ਦ ਾ

ਹੁਕਮ ਸੁਣਾ ਦਿੰਦੇ ਹਨ, ਨਾਲ ਹੀ ਧਮਕੀ ਦਿੱਤੀ ਜਾਂਦੀ ਹੈ ਕਿ ਜੇਕਰ ਪੀਲ਼ਾ ਲਿਫ਼ਾਫ਼ਾ ਨਾ ਮਿਲਿਆ ਤਾਂ ਤੇਰੇ ਨਾਲ ਬਹੁਤ ਬੁਰੀ ਹੋਵੇਗੀ। 'ਗੁਪਤਾ ਜੀ' ਦੀ ਧਮਕੀ ਸੱਚ ਸਾਬਤ ਹੋਈ ਅਤੇ ਮੁਹੰਮਦ ਆਮਿਰ ਖਾਨ ਨੂੰ ਵੀਹ ਫਰਵਰੀ 1998 ਨੂੰ ਜਦੋਂ ਉਹ ਜੁਮੇਂ ਦੀ ਨਮਾਜ਼ ਪੜ੍ਹਨ ਲਈ ਘਰੋਂ ਬਾਹਰ ਗਿਆ ਤਾਂ ਦਿੱਲੀ ਪੁਲਸ ਘਰਦਿਆਂ ਨੂੰ ਬਗੈਰ ਦੱਸੇ ਉਸ ਨੂੰ ਅਗਵਾ ਕਰ ਲੈਂਦੀ ਹੈ। ਸੱਤ ਦਿਨ 'ਗੁਪਤਾ ਜੀ' ਦੀ ਹਾਜ਼ਰੀ ਵਿੱਚ ਬਦਲ-ਬਦਲ ਕੇ ਆਉਂਦੇ ਪੁਲਸੀਏ ਮੁਹੰਮਦ ਆਮਿਰ ਖਾਨ ਨੂੰ ਹਰ ਉਹ ਤਸੀਹਾ ਦਿੱਤਾ ਜਾਂਦਾ ਹੈ, ਜੋ ਪੁਲਸ ਦੀ ਡਿਕਸ਼ਨਰੀ ਵਿੱਚ ਸੀ। ਆਪਣੇ ਮਾਪਿਆਂ ਦੇ ਨਾਂਅ ਉਰਦੂ ਵਿੱਚ ਇੱਕ ਪੱਤਰ ਲਿਖਾਇਆ ਜਾਂਦਾ ਹੈ, ਜਿਸ ਦੇ ਬਹਾਨੇ ਉਸ ਦੇ ਘਰੋਂ ਉਸ ਦਾ ਪਾਸਪੋਰਟ ਸਮੇਤ ਕੁੱਝ ਦਸਤਾਵੇਜ਼ ਪੁਲਸ ਸਾਦੇ ਕੱਪੜਿਆਂ ਵਿੱਚ ਆਮਿਰ ਦੇ ਘਰ ਜਾ ਕੇ ਚੱਕ ਲਿਆਉਂਦੀ ਹੈ, ਪਰ ਆਪਣੀ ਪੁਲਸੀਆ ਪਹਿਚਾਣ ਨਹੀਂ ਦੱਸਦੀ। ਕੋਈ ਸੌ-ਡੇਢ ਸੌ ਖ਼ਾਲੀ ਸਫਿਆਂ 'ਤੇ ਜਬਰਨ ਦਸਖ਼ਤ ਕਰਵਾਏ ਗਏ ਅਤੇ ਉਰਦੂ ਵਿੱਚ ਵੱਖ-ਵੱਖ ਮਿਤੀਆਂ ਵਿੱਚ ਕਈ ਡਾਇਰੀਆਂ ਲਿਖਵਾਈਆਂ ਗਈਆਂ। ਸੱਤ ਦਿਨਾਂ ਬਾਅਦ ਉਸ ਨੂੰ ਅਦਾਲਤ ਵਿੱਚ ਬੰਬ ਧਮਾਕਿਆਂ ਦੇ ਸੰਗੀਨ ਦੋਸ਼ਾਂ ਅਤੇ ਇੱਕ ਵਿਦੇਸ਼ੀ ਰਿਵਾਲਵਰ ਦੀ ਰਿਕਵਰੀ ਅਧੀਨ ਪੇਸ਼ ਕੀਤਾ ਗਿਆ, ਦਿੱਲੀ, ਹਰਿਆਣਾ ਦੇ ਰੋਹਤਕ ਅਤੇ ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਵਿੱਚ 1996-97 ਦੌਰਾਨ ਹੋਏ ਬੰਬ ਧਮਾਕਿਆਂ ਦੇ ਕੁੱਲ ਉੱਨੀ ਕੇਸਾਂ ਵਿੱਚ ਮੁਹੰਮਦ ਆਮਿਰ ਖਾਨ ਨੂੰ ਨਾਮਜ਼ਦ ਕਰ ਦਿੱਤਾ ਗਿਆ। ਅਠਾਈ ਫ਼ਰਵਰੀ ਤੋਂ ਛੱਬੀ ਅਪ੍ਰੈਲ 1998 ਦੇ ਦੋ ਮਹੀਨਿਆਂ ਦੌਰਾਨ ਉਹ ਪੁਲਸ ਦੇ ਕਾਨੂੰਨੀ ਰਿਮਾਂਡ ਵਿੱਚ ਰਿਹਾ। ਤਸ਼ੱਦਦ ਦਾ ਦੌਰ ਨਿਰੰਤਰ ਜਾਰੀ ਰੱਖਿਆ ਗਿਆ। ਪੁਲਸ ਵਾਲੇ ਖੁਦ ਕਹਿੰਦੇ ਰਹੇ ਕਿ ਕੇਸ ਤਾਂ ਝੂਠੇ ਹਨ, ਕੁੱਝ ਸਾਲਾਂ ਵਿੱਚ ਬਰੀ ਹੋ ਜਾਵੇਗਾ।

ਹਰ ਪੇਸ਼ੀ 'ਤੇ ਮੀਡੀਆ 'ਖ਼ਤਰਨਾਕ ਦਹਿਸ਼ਤਗਰਦ' ਦੀ ਝਲਕ ਲੈਣ ਪਹੁੰਚ ਜਾਂਦਾ ਹੈ ਤਾਂ ਜੋ ਆਪਣੀ ਸਟੋਰੀ ਕਰ ਸਕੇ।ਆਮਿਰ ਦਾ ਅੱਬੂ ਹਰ ਤਾਰੀਖ਼ 'ਤੇ ਸਮੇਂ ਤੋਂ ਪਹਿਲਾਂ ਪਹੁੰਚ ਜਾਂਦਾ, ਅਰਜ਼ੀ ਨਵੀਸਾਂ ਤੋਂ ਅਰਜ਼ੀਆਂ ਲਿਖਵਾਉਂਦਾ, ਕੋਸ਼ਿਸ਼ ਕਰਦਾ ਕਿ ਆਮਿਰ ਨਾਲ ਪੇਸ਼ੀ 'ਤੇ ਕੋਈ ਗੱਲ ਹੋ ਜਾਵੇ। ਇੱਕ ਪੇਸ਼ੀ 'ਤੇ ਉਸ ਦਾ ਅੱਬੂ ਨਹੀਂ ਆਇਆ, ਜੱਜ ਨੇ ਪੁੱਛਿਆ ਕਿ ਉਸ ਦਾ ਅੱਬੂ ਕਿਉਂ ਨਹੀਂ ਆਇਆ? ਆਮਿਰ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਹ ਹਸਪਤਾਲ ਵਿੱਚ ਦਾਖ਼ਲ ਹੈ। ਅੱਬੂ ਨੂੰ ਮਿਲਣ ਦੀ ਪੁਲਸ ਹਿਰਾਸਤ ਵਿੱਚ ਹੀ ਆਮਿਰ ਨੂੰ ਦੋ ਘੰਟੇ ਦੀ ਪੈਰੋਲ ਮਿਲਦੀ ਹੈ, ਉਹ ਹੱਥਕੜੀਆਂ ਵਿੱਚ ਜਕੜਿਆ (ਕਾਨੂੰਨ ਦੀਆਂ ਨਜ਼ਰਾਂ ਵਿੱਚ ਖ਼ਤਰਨਾਕ ਦਹਿਸ਼ਤਗਰਦ ਜੁ ਸੀ) ਉਹ ਆਪਣੇ ਅੱਬੂ ਨੂੰ ਹਸਪਤਾਲ ਵਿੱਚ ਮਿਲਦਾ ਹੈ। ਅੱਬੂ ਤਾਰੀਖ਼ 'ਤੇ ਨਾ ਆਉਣ ਲਈ ਆਪਣੇ ਪੁੱਤਰ ਤੋਂ ਮੁਆਫ਼ੀ ਮੰਗਦਾ ਹੈ। ਇਹ ਪਿਓ-ਪੁੱਤਰ ਦੀ ਆਖ਼ਰੀ ਮੁਲਾਕਾਤ ਸੀ, ਅਗਲੀ ਪੇਸ਼ੀ 'ਤੇ ਉਸ ਦਾ ਵਕੀਲ ਉਸ ਨੂੰ ਅੱਬੂ ਦੇ ਫੌਤ ਹੋ ਜਾਣ ਦੀ ਖ਼ਬਰ ਦੇ ਦਿੰਦਾ ਹੈ। ਮੁਹੰਮਦ ਆਮਿਰ ਖਾਨ ਦੀ ਪੈਰਵੀ ਦੀ ਜ਼ਿੰਮੇਵਾਰੀ ਉਸ ਦੀ ਅੰਮੀਂ ਸੰਭਾਲਦੀ ਹੈ, ਪਰ ਉਹ ਇੱਕ ਦਿਨ ਅਧਰੰਗ ਦਾ ਸ਼ਿਕਾਰ ਹੋ ਮੰਜੇ ਨਾਲ ਲੱਗ ਗਈ।

ਤਿਹਾੜ ਜੇਲ੍ਹ ਸਮੇਤ ਆਮਿਰ ਵੱਖ-ਵੱਖ ਜੇਲ੍ਹਾਂ ਦੀਆਂ ਅਣ-ਮਨੁੱਖੀ ਹਾਲਤਾਂ ਦੇ ਰੂਬਰੂ ਹੁੰਦਾ ਹੈ। ਇੱਕ ਤੋਂ ਬਾਅਦ ਇੱਕ ਕੇਸਾਂ ਵਿੱਚ ਸਬੂਤਾਂ ਦ